ਪਿਆਰੇ ਜੀਓ

ਡਾ. ਸੁਰਿੰਦਰ ਸਿੰਘ ਜੀ

ਭਾਈ ਜਿੰਦਾ

ੴ ਸ੍ਰੀ ਵਾਹਿਗੁਰੂ ਜੀ ਕੀ ਫਤੇ।।

ਪਿਆਰੇ ਜੀਓ
ਡਾ. ਸੁਰਿੰਦਰ ਸਿੰਘ ਜੀ

ਸੰਪਾਦਕ

ਭਜਨੀਤ ਸਿੰਘ (ਕੈਨੇਡਾ)

ਪ੍ਰਕਾਸ਼ਕ

ਜਪਨਾਮ ਸਿੰਘ (ਕੈਨੇਡਾ)

© ਸੰਪਾਦਕ

ਪਹਿਲੀ ਵਾਰ ਪ੍ਰਕਾਸ਼ਕ : ਗੁਰਪ੍ਰੀਤ ਸਿੰਘ ਅਸਟ੍ਰੇਲੀਆ
ਦੂਜੀ ਵਾਰ (ਸੋਧਾਂ ਅਤੇ ਵਾਧਿਆਂ ਨਾਲ) : ਮਈ 2021

ਭੇਟਾ ਰਹਿਤ

ਪ੍ਰਿੰਟਰ :

ਫੁਆਇਲ ਪ੍ਰਿੰਟਰਜ਼
2051, BXX, Gobind Nagar, Ludhiana-141 001, Punjab, India
Phone : 91-161-2404979, 2404093
e-mail : foilludhiana@gmail.com
website : www.foilprintersludhiana.com

ਸਮਰਪਣ

ਭਾਈ ਬਾਲਾ ਸਿੰਘ ਜੀ ਅਤੇ ਸੁਪਤਨੀ ਬੀਬੀ ਬਲਵੰਤ ਕੋਰ ਜੀ ਨੂੰ

ਸੂਚੀ ਪੱਤਰ

ਦੋ ਸ਼ਬਦ ਭਜਨੀਤ ਸਿੰਘ 1

ਮੁਖਬੰਧ ਡਾ. ਸਰਬਜੋਤ ਕੌਰ ਜੀ 2

I **ਸੰਖੇਪ ਜੀਵਨ** 7

II **ਡਿੱਠੇ, ਸੁਣੇ ਅਤੇ ਹੱਡੀਂ ਵਾਪਰੇ ਬਿਰਤਾਂਤ**

ਪ੍ਰੋਫੈਸਰ ਠਾਕੁਰ ਸਿੰਘ ਜੀ 37

ਇਕ ਗੁਰਮਤਿ ਪ੍ਰੇਮੀ 40

ਭਾਈ ਪ੍ਰੀਤਮ ਸਿੰਘ ਜੀ 45

ਸੂਰਾ ਅਪ੍ਰੈਲ ੧੯੮੪ 49

ਸੂਰਾ ਮਈ ੧੯੮੪ 53

ਸੂਰਾ ਸਤੰਬਰ ੧੯੮੪ 56

ਭਜਨੀਤ ਸਿੰਘ 61

ਪ੍ਰਿੰਸੀਪਲ ਗੁਰਮੁਖ ਸਿੰਘ ਜੀ 63

ਭਾਈ ਬਲਦੇਵ ਸਿੰਘ ਜੀ 70

III **ਅੰਤਿਕੇ** 75

ਦੋ ਸ਼ਬਦ

ਗੁਰੂ ਸਵਾਰੇ ਖ਼ਾਲਸਾ ਜੀ,

ਵਾਹਿਗੁਰੂ ਜੀ ਕਾ ਖ਼ਾਲਸਾ।। ਵਾਹਿਗੁਰੂ ਜੀ ਕੀ ਫਤੇ।।

ਸਤਿਕਾਰਯੋਗ ਸਚਖੰਡਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਕੀਰਤਨੀ ਜਥਿਆਂ ਵਿਚੋਂ ਉੱਚ ਕੋਟੀ ਦੇ ਨਾਮ ਰਸੀਏ, ਮਸਤਾਨਾ ਬਿਰਤੀ ਵਾਲੇ, ਡਾਕਟਰ ਸੁਰਿੰਦਰ ਸਿੰਘ ਜੀ ਆਪਣੇ ਜੀਵਨ ਤੋਂ ਜੋ ਨਜ਼ੀਰਾਂ ਕਾਇਮ ਕਰ ਗਏ ਸਨ, ਉਹ ਪ੍ਰਮਾਰਥਕ ਪਾਂਧੀਆਂ ਲਈ ਬਹੁਤ ਸਿੱਖਿਆ-ਦਾਇਕ ਅਤੇ ਮਹਾਨ ਰੋਸ਼ਨੀ ਦੇਣ ਵਾਲੀਆਂ ਹਨ। ਡਾਕਟਰ ਸਾਹਿਬ ਜੀ ਦੀ ਇਹ ਪੁਸਤਕ ਦਾ ਸੰਗ੍ਰਹਿ ਇਸੀ ਆਸ਼ੇ ਨੂੰ ਮੁੱਖ ਰੱਖ ਕੇ ਸੂਰਾ ਮਾਸਕ ਪੱਤਰ ਅਤੇ ਕੁਝ ਹੋਰ ਲਿਖਿਤਾਂ ਦੇ ਅਧਾਰ ਤੇ ਕੀਤਾ ਗਿਆ ਹੈ। ਆਸ ਹੈ ਕਿ ਇਸ ਰੂਹ ਦੀਆਂ ਬਾਬਾਣੀਆਂ ਕਹਾਣੀਆਂ ਸਾਡੇ ਜੀਵਨ ਪੱਧਰ ਨੂੰ ਉੱਚਾ ਸੁੱਚਾ ਕਰਨ ਵਿਚ ਸਹਾਇਕ ਹੋਣਗੀਆਂ।

ਦਾਸਰਾ, ਭਾਈ ਹਰਭਜਨ ਸਿੰਘ ਜੀ ਸ੍ਰੀ ਅਨੰਦਪੁਰ ਸਾਹਿਬ, ਡਾ. ਸੁਰਜੀਤ ਸਿੰਘ ਜੀ ਸਰਸਪੁਰ, ਭਾਈ ਭਰਪੂਰ ਸਿੰਘ ਜੀ ਵੈਨਕੂਵਰ ਅਤੇ ਭਾਈ ਸੁਖਬੀਰ ਸਿੰਘ ਜੀ ਸ੍ਰੀ ਅਨੰਦਪੁਰ ਸਾਹਿਬ ਵਲੋਂ ਇਸ ਕਾਰਜ ਨੂੰ ਸੰਪੂਰਨ ਕਰਨ ਹਿੱਤ ਦਿੱਤੀਆਂ ਅਸੀਸਾਂ ਲਈ ਸ਼ੁਕਰ-ਗੁਜ਼ਾਰ ਹੈ। ਇਸ ਸੇਵਾ ਦੌਰਾਨ ਦਾਸ ਨੂੰ ਨਿੱਜੀ ਤੌਰ ਤੇ ਬਹੁਤ ਕੁਛ ਸਿਖਣ ਨੂੰ ਮਿਲਿਆ ਹੈ। ਮੈਂ ਜਿਨ੍ਹਾਂ ਸ਼ੁਕਰਾਨਾ ਕਰਾਂ ਉਨ੍ਹਾਂ ਥੋੜ੍ਹਾ ਹੈ। ਇਹ ਸੇਵਾ ਕਰਦਿਆਂ ਦਾਸ ਕੋਲੋਂ ਕਈ ਗਲਤੀਆਂ ਵੀ ਹੋਈਆਂ ਹੋਣਗੀਆਂ, ਆਪ ਜੀ ਨੇ ਅਣਜਾਣ ਜਾਣ ਕੇ ਬਖਸ਼ ਦੇਣਾ ਜੀ।

ਆਪ ਸਰਬਤ ਸੰਗਤ ਨੇ ਅਸੀਸ ਦੇਣੀ ਕਿ ਉਸ ਮਾਲਕ ਅਕਾਲ ਪੁਰਖ ਦਾ ਨਾਮ ਹਿਰਦੇ ਵਿਚ ਵਸ ਜਾਵੇ ਅਤੇ ਸਿਖੀ ਕੇਸਾਂ ਸਵਾਸਾਂ ਸੰਗ ਤੋੜ ਨਿਭ ਜਾਏ।

ਵਾਹਿਗੁਰੂ ਜੀ ਕਾ ਖ਼ਾਲਸਾ।। ਵਾਹਿਗੁਰੂ ਜੀ ਕੀ ਫਤੇ।।

ਅਸੀਸ ਦਾ ਜਾਚਕ
ਭਜਨੀਤ ਸਿੰਘ

ਮੁਖਬੰਧ

ਕੁਝ ਦਿਨ ਪਹਿਲਾਂ ਭਾਈ ਭਜਨੀਤ ਸਿੰਘ ਜੀ ਦੁਆਰਾ ਸੰਪਾਦਿਤ ਪੁਸਤਕ 'ਪਿਆਰੇ ਜੀਓ - ਡਾ. ਸੁਰਿੰਦਰ ਸਿੰਘ ਜੀ' ਦਾ ਖਰੜਾ ਪ੍ਰਾਪਤ ਹੋਇਆ। ਖਰੜਾ ਮਿਲਦਿਆਂ ਹੀ ਕਈ ਸਾਲ ਪਹਿਲਾਂ ਦਾ ਸਮਾਂ ਅੱਖਾਂ ਅੱਗੇ ਆ ਗਿਆ ਜਦੋਂ ਮੈਨੂੰ ਡਾ. ਸੁਰਿੰਦਰ ਸਿੰਘ ਜੀ ਦੇ ਪਾਉਂਟਾ ਸਾਹਿਬ ਵਿਖੇ ਇੱਕ ਕੀਰਤਨ ਸਮਾਗਮ ਸਮੇਂ ਬਹੁਤ ਨੇੜਿਉਂ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਦੋ ਦਿਨ ਦਾ ਸਮਾਗਮ ਸੀ ਅਤੇ ਮੈਂ ਲੁਧਿਆਣੇ ਦੀਆਂ ਸੰਗਤਾਂ ਨਾਲ ਡਾ. ਦਰਸ਼ਨ ਸਿੰਘ ਜੀ ਦੀ ਰਹਿਨੁਮਾਈ ਹੇਠ ਉੱਥੇ ਗਈ ਸੀ। ਪੂਰਨ ਦਰਸ਼ਨੀ ਸਿੰਘ, ਚਿਹਰੇ ਤੇ ਅਗੰਮੀ ਨੂਰ, ਨਿਮਰਤਾ ਦੀ ਮੂਰਤ ਤੇ ਸੇਵਾ ਦੇ ਪੁੰਜ। ਹਰ ਸਮੇਂ ਸੰਗਤਾਂ ਦੀ ਸੇਵਾ ਲਈ ਹਾਜ਼ਰ ਰਹਿਣ ਵਾਲੇ। ਕੀਰਤਨ ਕੀਤਾ ਤਾਂ ਏਨੀ ਧੀਮੀ ਆਵਾਜ਼ ਵਿੱਚ ਕਿ ਕਈ ਵਾਰ ਡਾ. ਦਰਸ਼ਨ ਸਿੰਘ ਜੀ ਨੇ ਖੜਤਾਲਾਂ ਵਜਾਉਣੀਆਂ ਬੰਦ ਕਰ ਦੇਣੀਆਂ। ਬੜਾ ਅਨੰਦ ਬੱਝਾ। ਐਸੇ ਵਜਦ ਵਿੱਚ ਮਿੱਠੀ ਆਵਾਜ਼ ਵਿੱਚ ਕੀਰਤਨ ਹੋਇਆ ਕਿ ਉਸ ਦੀ ਯਾਦ ਨਾਲ ਅੱਜ ਵੀ ਅੰਦਰ ਭਰਿਆ ਭਰਿਆ ਤੇ ਖਿੜਿਆ ਖਿੜਿਆ ਮਹਿਸੂਸ ਹੁੰਦਾ ਹੈ।

ਪਰਮਾਰਥੀ ਰੰਗਾਂ ਦੀ ਅਵਸਥਾ ਨੂੰ ਪ੍ਰਾਪਤ ਕਰ ਕੇ ਇਨ੍ਹਾਂ ਨੂੰ ਜਰਨਾ ਤੇ ਬਰਕਰਾਰ ਰੱਖਣਾ ਕੋਈ ਸੋਖੀ ਗੱਲ ਨਹੀਂ ਹੁੰਦੀ। ਇਹ ਕਿਸੇ ਕਮਾਈ ਵਾਲੇ ਗੰਭੀਰ ਸੱਜਣ ਦਾ ਹੀ ਕੰਮ ਹੈ, ਨਹੀਂ ਤਾਂ ਥੋੜ੍ਹੀ ਜਿਹੀ ਦੁਨਿਆਵੀ ਸ਼ਕਤੀ ਪਾ ਕੇ ਹੀ ਆਮ ਮਨੁਖ ਹੰਕਾਰ ਵਿੱਚ ਫੁਲਿਆ ਰਹਿੰਦਾ ਹੈ। ਡਾ. ਸੁਰਿੰਦਰ ਸਿੰਘ ਜੀ ਅਜਿਹੇ ਵਿਰਲੇ ਗੁਰਸਿਖਾਂ ਵਿੱਚੋਂ ਸਨ ਜਿਨ੍ਹਾਂ ਨੇ ਦਾਤ ਨੂੰ ਪਾਇਆ ਵੀ, ਸੰਭਾਲਿਆ ਵੀ ਤੇ ਜਰਿਆ ਵੀ।

ਭਾਵੇਂ ਆਪ ਨੂੰ ਗੁਰਸਿਖੀ ਦੀ ਦਾਤ ਵਿਰਸੇ ਵਿੱਚ ਹੀ ਪ੍ਰਾਪਤ ਹੋਈ ਸੀ ਪਰ ਪੂਰਬਲੇ ਅੰਕੁਰ ਅਨੰਦਪੁਰ ਸਾਹਿਬ ਵਿੱਚ ਪ੍ਰਗਟੇ ਜਦੋਂ ਆਪ ਆਪਣੇ ਨਾਨੀ ਜੀ ਦੇ ਸੱਦੇ ਤੇ ਉੱਥੇ ਗਏ ਅਤੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਉਦੋਂ ਤੱਕ ਆਪ ਜੀ ਨੂੰ ਨਿਸਚਾ ਹੋ ਚੁਕਾ ਸੀ ਕਿ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੇ ਬਿਨਾਂ ਗੁਰਸਿਖੀ ਪ੍ਰਾਪਤ ਨਹੀਂ ਹੋ ਸਕਦੀ। ਇਸੇ ਲਈ ਜਦੋਂ ਆਪ ਅੰਮ੍ਰਿਤ ਅਭਿਲਾਖੀਆਂ ਦੀ ਕਤਾਰ ਵਿੱਚ ਖੜ੍ਹੇ ਹੋਏ ਤਾਂ ਅਤਿ ਦੀ ਵੈਰਾਗ ਅਵਸਥਾ ਵਿੱਚ ਗੜ੍ਹੂੰਦ ਸਨ। ਪੁਸਤਕ ਵਿੱਚ ਦਰਜ ਲੇਖ ਡਾਕਟਰ ਸਾਹਿਬ ਦੇ ਜੀਵਨ ਅਤੇ ਸ਼ਖ਼ਸੀਅਤ ਦੇ ਵਿਭਿੰਨ ਪਹਿਲੂਆਂ ਤੇ ਰੋਸ਼ਨੀ ਪਾਉਂਦੇ ਹਨ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਲ ਪਹਿਲੀ ਮਿਲਣੀ ਹੀ ਆਪ ਨੂੰ ਉਨ੍ਹਾਂ ਦੇ

ਪੂਰਬਲੇ ਸਾਥੀ ਹੋਣ ਨੂੰ ਤਾਂ ਦਰਸਾਉਂਦੀ ਹੀ ਹੈ, ਨਾਲ ਹੀ ਦੋਹਾਂ ਦੇ ਆਤਮਕ ਪੱਧਰ ਤੇ ਮਾਣੇ ਆਨੰਦ ਨੂੰ ਵੀ ਇਸ ਤਰ੍ਹਾਂ ਬਿਆਨ ਕਰਦੀ ਹੈ ਕਿ ਪੜ੍ਹਨ ਵਾਲਾ ਆਨੰਦਿਤ ਹੋ ਉੱਠਦਾ ਹੈ। ਭਾਈ ਰਣਧੀਰ ਸਿੰਘ ਜੀ ਨਾਲ ਮਿਲਾਪ ਵਾਲੇ ਲੇਖ ਵਿੱਚ ਕਰਨਲ ਪਿਆਰਾ ਸਿੰਘ ਜੀ ਡਾਕਟਰ ਸਾਹਿਬ ਰਾਹੀਂ ਭਾਈ ਸਾਹਿਬ ਨੂੰ ਕੁਮਾਰਹੱਟੀ ਵਿਖੇ ਅਲੀਚੀਆਂ ਭੇਜਦੇ ਹਨ। ਇਹ ਡਾਕਟਰ ਸਾਹਿਬ ਦੀ ਭਾਈ ਸਾਹਿਬ ਨਾਲ ਪਹਿਲੀ ਮਿਲਣੀ ਸੀ। ਅਲੀਚੀਆਂ ਮਿਲਣ ਤੋਂ ਬਾਅਦ ਭਾਈ ਸਾਹਿਬ ਦਾ ਕਰਨਲ ਪਿਆਰਾ ਸਿੰਘ ਨੂੰ ਇਹ ਸੁਨੇਹਾ ਸੀ ਕਿ ਅਲੀਚੀਆਂ ਦੀ ਖੁਸ਼ੀ ਨਾਲੋਂ ਬਹੁਤੀ ਖੁਸ਼ੀ ਅਲੀਚੀਆ ਲਿਆਉਣ ਵਾਲੇ ਨੂੰ ਮਿਲ ਕੇ ਹੋਈ ਹੈ। ਇਹ ਮਿਲਣੀ ਭਾਈ ਸਾਹਿਬ ਤੇ ਆਪ ਜੀ ਦੇ ਕਿਸੇ ਅਗੰਮੀ ਪ੍ਰੇਮ ਨੂੰ ਦਰਸਾਉਂਦੀ ਹੈ। ਆਪ ਜਦੋਂ ਵੀ ਇਸ ਮਿਲਣੀ ਦਾ ਜ਼ਿਕਰ ਕਰਦੇ ਤਾਂ ਕਿਸੇ ਅਗੰਮੀ ਵੈਰਾਗ ਅਵਸਥਾ ਵਿੱਚ ਚਲੇ ਜਾਂਦੇ ਅਤੇ ਅਕਸਰ ਇਹ ਕਿਹਾ ਕਰਦੇ ਕਿ ਭਾਈ ਸਾਹਿਬ ਨਾਲੋਂ ਵਿਛੜਨਾ ਕੋਈ ਸੋਖਾ ਕੰਮ ਨਹੀਂ ਸੀ। ਕੋਈ ਜਿਗਰੇ ਵਾਲਾ ਹੀ ਵਿਛੜ ਸਕਦਾ ਸੀ ਨਹੀਂ ਤਾਂ ਭਾਈ ਸਾਹਿਬ ਦੀ ਆਤਮਿਕ ਚੁੰਬਕੀ ਸ਼ਕਤੀ ਅਜਿਹੀ ਖਿੱਚ ਪਾਉਂਦੀ ਕਿ ਮਨੁੱਖ ਇੱਕ ਕਦਮ ਅੱਗੇ ਪੁਟਦਾ ਤੇ ਚਾਰ ਕਦਮ ਪਿੱਛੇ ਵਲ ਨੂੰ ਆਉਂਦਾ। ਪਰੰਤੂ ਅਸੀਂ ਜਾਣਦੇ ਹਾਂ ਕਿ ਅਜਿਹਾ ਹੁੰਦਾ ਉਸੇ ਨਾਲ ਹੀ ਹੈ ਜੋ ਆਪ ਵਿਸਮਾਦੀ ਰੰਗਾਂ ਨੂੰ ਮਾਣਨ ਵਾਲਾ ਹੋਵੇ। ਡਾਕਟਰ ਸਾਹਿਬ ਆਪ ਇੱਕ ਰੰਗ ਰੱਤੜੀ ਰੂਹ ਸਨ ਇਸੇ ਲਈ ਉਸ ਖਿੱਚ ਨੂੰ ਮਹਿਸੂਸ ਵੀ ਕਰ ਸਕੇ ਤੇ ਸਮੁਚੀ ਜ਼ਿੰਦਗੀ ਉਸ ਦਾ ਆਨੰਦ ਵੀ ਮਾਣ ਸਕੇ।

ਅੱਜ ਡਾਕਟਰ ਸਾਹਿਬ ਵਰਗੀਆਂ ਸ਼ਖ਼ਸ਼ੀਅਤਾਂ ਬਹੁਤ ਘੱਟ ਦੇਖਣ ਨੂੰ ਮਿਲਦੀਆਂ ਹਨ। ਭਾਵੇਂ ਕਿਸੇ ਵੀ ਚੀਜ਼ ਦਾ ਬੀ ਨਾਸ ਨਹੀਂ ਹੋਇਆ ਕਰਦਾ ਪਰ ਅੱਜ ਦੀ ਭੱਜ ਦੌੜ ਅਤੇ ਦੁਨਿਆਵੀ ਲਾਲਸਾਵਾਂ ਭਰੀ ਜ਼ਿੰਦਗੀ ਨੇ ਸਾਡੇ ਅੰਦਰ ਗਿਰਾਵਟ ਜ਼ਰੂਰ ਲਿਆਉਂਦੀ ਹੈ।

ਇੱਕ ਗੱਲ ਲਿਖਣ ਦੀ ਗੁਸਤਾਖੀ ਕਰ ਰਹੀ ਹਾਂ। ਸੰਗਤਾਂ ਕੋਲੋਂ ਪਹਿਲਾਂ ਹੀ ਮੁਆਫੀ ਮੰਗ ਲੈਂਦੀ ਹਾਂ। ਅੱਜ ਬਹੁਤ ਸਾਰੇ ਕੀਰਤਨੀਏ ਉੱਚੀ ਸੁਰ ਅਤੇ ਤੇਜ਼ ਲੈਅ ਵਿੱਚ ਕੀਰਤਨ ਕਰਨਾ ਪਸੰਦ ਕਰਦੇ ਹਨ। ਪਰ ਡਾਕਟਰ ਸੁਰਿੰਦਰ ਸਿੰਘ ਜੀ ਦੀ ਕੀਰਤਨ ਸ਼ੈਲੀ ਦਰਸਾਉਂਦੀ ਹੈ ਕਿ ਸਹਿਜ ਨਾਲ ਕੀਤਾ ਕੀਰਤਨ ਸੰਗਤਾਂ ਦੇ ਦਿਲ ਹਿਲਾ ਦੇਣ ਦੀ ਵਧੇਰੇ ਸਮਰੱਥਾ ਰੱਖਦਾ ਹੈ। ਕੀਰਤਨ ਕਰਨ ਦਾ ਅਧਿਕਾਰੀ ਬਣਨ ਲਈ ਸਾਜ਼ਾਂ ਦੇ ਨਾਲ ਨਾਲ ਆਪਣੇ ਜੀਵਨ ਰੂਪੀ ਸਾਜ਼ ਨੂੰ ਵੀ ਸੁਰ ਕਰਨਾ ਜ਼ਰੂਰੀ ਹੈ। ਗਿਆਨੀ ਸੰਤ ਸਿੰਘ ਜੀ ਮਸਕੀਨ ਆਪਣੀ ਪੁਸਤਕ 'ਗੁਰੂ ਚਿੰਤਨ' ਵਿਚ ਲਿਖਦੇ ਹਨ : ਸਿਤਾਰ ਦੀ

ਇਕ ਸੁਰ ਬੇਸੁਰੀ ਹੋਵੇ ਤਾਂ ਸਿਆਣੇ ਰਾਗੀ ਦਾ ਗਾਉਣਾ ਕਠਿਨ ਹੈ। ਜੀਵਨ ਵੀ ਇਕ ਵਾਜਾ ਹੈ, ਇਸ ਵਿਚ ਪੰਜ ਸੁਰਾਂ ਬੇਸੁਰੀਆਂ ਹਨ। ਯਾਦ ਰੱਖਣ ਵਾਲੀ ਗੱਲ ਹੈ ਕਿ ਤਾਰ ਸਿਤਾਰ ਵਿਚੋਂ ਕੱਢਣੀ ਨਹੀਂ ਹੈ, ਸੁਰ ਕਰਨੀ ਹੈ। ਇਸ ਸਰੀਰ ਵਿਚੋਂ ਕਾਮ, ਕਰੋਧ, ਲੋਭ, ਮੋਹ, ਹੰਕਾਰ ਕੱਢਣਾ ਨਹੀਂ, ਸੁਰ ਵਿੱਚ ਕਰਨਾ ਹੈ। ਜੇਕਰ ਕੱਢਣਾ ਚਾਹੀਏ ਤਾਂ ਕੱਢ ਵੀ ਨਹੀਂ ਸਕਾਂਗੇ। ਕਾਮ ਜਦ ਸੁਰ ਵਿਚ ਹੁੰਦਾ ਹੈ ਤਾਂ ਸ਼ਰਮ ਹਯਾ ਦਾ ਚੋਲਾ ਪਹਿਨ ਸੀਮਾ ਦੇ ਅੰਦਰ ਰਹਿੰਦਾ ਹੈ। ਕਰੋਧ ਬੀਰ ਰਸ ਬਣ ਜਾਂਦਾ ਹੈ। ਮੋਹ ਪ੍ਰੇਮ ਤੇ ਲੋਭ ਸੰਤੋਖ ਦੀ ਸ਼ਕਲ ਧਾਰਨ ਕਰ ਲੈਂਦੇ ਹਨ। ਹੰਕਾਰ ਅਣਖ ਸਵੈਮਾਨ ਦਾ ਰੂਪ ਬਣ ਜਾਂਦਾ ਹੈ। ਇਸ ਤਰ੍ਹਾਂ ਇਹ ਬੇਸੁਰੇ ਤਾਰ ਜਦ ਸੁਰ ਵਿਚ ਹੋ ਕੇ ਰੱਬੀ ਜੱਸ ਗਾਉਂਦੇ ਹਨ ਤਾਂ ਇਕ ਅਜੀਬ ਅਨੰਦ ਦੀ ਵਰਖਾ ਹੁੰਦੀ ਹੈ ਜਿਸ ਨਾਲ ਸਰੀਰ ਦਾ ਰੋਮ ਰੋਮ ਖੇੜੇ ਵਿਚ ਆ ਜਾਂਦਾ ਹੈ :

ਪੰਚ ਬਜਿਤ੍ਰ ਕਰੇ ਸੰਤੋਖਾ ਸਾਤ ਸੁਰਾ ਲੈ ਚਾਲੈ॥
ਬਾਜਾ ਮਾਣੁ ਤਾਣੁ ਤਜਿ ਤਾਨਾ ਪਾਉ ਨ ਬੀਗਾ ਘਾਲੈ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ - ਅੰਗ ੮੮੫)

ਕੀਰਤਨੀਆਂ ਪੰਜ ਗਿਆਨ ਇੰਦਰੇ ਤੇ ਇਕ ਮਨ, ਇਕ ਬੁਧੀ ਇਨ੍ਹਾਂ ਸੱਤਾਂ ਸੁਰਾਂ ਤੇ ਇਕ ਅਲਾਪ ਕਰੇ ਅਤੇ ਕੰਨ, ਨੇਤਰ, ਮਨ, ਬੁਧ, ਨਾਸਿਕਾ ਉਸੇ ਇਕ ਦੀ ਧੁਨ ਵਿੱਚ ਲੀਣ ਹੋਵਣ। ਜੇਕਰ ਐਸਾ ਅਡੋਲ ਕੀਰਤਨ ਇਕ ਛਿਨ ਵੀ ਹੋ ਜਾਵੇ ਤਾਂ ਜਨਮ ਜਨਮਾਂਤਰਾਂ ਦੇ ਬੰਧਨ ਟੁਟ ਜਾਂਦੇ ਹਨ :

ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ - ਅੰਗ ੭੪੭)

ਐਸਾ ਅਡੋਲ ਕੀਰਤਨ ਕਰਨ ਵਾਲੇ ਕੀਰਤਨੀਏ ਨੂੰ ਹੀ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਭਲਾ ਕੀਰਤਨੀਆ ਆਖਿਆ ਹੈ :

ਭਲੋ ਭਲੋ ਰੇ ਕੀਰਤਨੀਆ॥
ਰਾਮ ਰਮਾ ਰਾਮਾ ਗੁਨ ਗਾਉ॥ ਛੋਡਿ ਮਾਇਆ ਕੇ ਧੰਧ ਸੁਆਉ॥੧॥ ਰਹਾਉ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ - ਅੰਗ ੮੮੫)

ਠਾਕੁਰ ਦੀ ਪ੍ਰਸੰਨਤਾ ਦਾ ਪਾਤਰ ਬਣ ਅਜਿਹਾ ਕੀਰਤਨੀਆਂ ਕਰੋੜਾਂ ਵਿਚੋਂ ਕੋਈ ਇੱਕ ਅੱਧ ਹੀ ਹੁੰਦਾ ਹੈ :

ਜੇ ਕੋ ਅਪਨੇ ਠਾਕੁਰ ਭਾਵੈ॥
ਕੋਟਿ ਮਧਿ ਏਹੁ ਕੀਰਤਨੁ ਗਾਵੈ॥
ਸਾਧਸੰਗਤਿ ਕੀ ਜਾਵਉ ਟੇਕ॥
ਕਹੁ ਨਾਨਕ ਤਿਸੁ ਕੀਰਤਨ ਏਕ॥੪॥੮॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ - ਅੰਗ ੮੮੫)

ਅਜਿਹੇ ਵਿਰਲੇ ਕੀਰਤਨੀਆਂ ਵਿੱਚੋਂ ਹੀ ਇਕ ਕੀਰਤਨੀਏ ਡਾ. ਸੁਰਿੰਦਰ ਸਿੰਘ ਜੀ ਸਨ ਜਿਨ੍ਹਾਂ ਦਾ ਜ਼ਿਕਰ ਇਸ ਪੁਸਤਕ ਵਿੱਚ ਕੀਤਾ ਗਿਆ ਹੈ।

ਡਾਕਟਰ ਸਾਹਿਬ ਬਾਰੇ ਇੱਕ ਹੋਰ ਗੱਲ ਜਿਸ ਦਾ ਜ਼ਿਕਰ ਇਸ ਪੁਸਤਕ ਵਿੱਚ ਕੀਤਾ ਗਿਆ ਹੈ ਵਿਸ਼ੇਸ਼ ਧਿਆਨ ਦੀ ਮੰਗ ਕਰਦੀ ਹੈ। ਭਾਈ ਅਵਤਾਰ ਸਿੰਘ ਜੀ ਨਾਲ ਅਤਿ ਦਾ ਪ੍ਰੇਮ ਅਤੇ ਉਨ੍ਹਾਂ ਨੂੰ ਇਹ ਕਹਿਣਾ ਕਿ ਸਰਸਾ ਨਦੀ ਦੇ ਵਿਛੜੇ ਕਿੰਨੀਆਂ ਸਦੀਆਂ ਬਾਅਦ ਮਿਲੇ ਹਾਂ, ਦਰਸਾਉਂਦਾ ਹੈ ਕਿ ਆਪ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਉਨ੍ਹਾਂ ਸਾਥੀ ਸਿੰਘਾਂ ਵਿੱਚੋਂ ਸਨ ਜੋ ਅਨੰਦਪੁਰ ਸਾਹਿਬ ਦੇ ਕਿਲ੍ਹੇ ਵਿੱਚ ਗੁਰੂ ਜੀ ਦੇ ਨਾਲ ਸਨ। ਭਾਈ ਅਵਤਾਰ ਸਿੰਘ ਵੀ ਉਨ੍ਹਾਂ ਦੇ ਸਾਥੀ ਸਨ ਜੋ ਸਰਸਾ ਨਦੀ ਦੇ ਚੜ੍ਹੇ ਪਾਣੀ ਵਿੱਚ ਵਿਛੜ ਗਏ ਸਨ। ਅਜਿਹੇ ਗੁਰਸਿਖਾਂ ਨੂੰ ਸਦ ਨਮਸਕਾਰ।

ਗੁਰਸਿਖਾਂ ਦੇ ਜੀਵਨ ਸਾਡੇ ਵਰਗੇ ਸੰਸਾਰੀ ਜੀਵਾਂ ਲਈ ਚਾਨਣ ਮੁਨਾਰੇ ਹੁੰਦੇ ਹਨ। ਇਹ ਪੁਸਤਕ ਪਾਠਕਾਂ ਲਈ ਪ੍ਰੇਰਨਾ ਸਰੋਤ ਬਣੇ ਅਤੇ ਗੁਰਸਿਖਾਂ ਦੀ ਚਰਨ ਧੂੜੀ ਪ੍ਰਾਪਤ ਕਰਨ ਦੀ ਲਾਲਸਾ ਪੈਦਾ ਕਰੇ - ਇਸ ਆਸ ਅਤੇ ਅਰਦਾਸ ਨਾਲ ਮੈਂ ਪੁਸਤਕ ਨੂੰ ਖੁਸ਼ਆਮਦੀਦ ਆਖਦੀ ਹਾਂ ਅਤੇ ਭਾਈ ਭਜਨੀਤ ਸਿੰਘ ਜੀ ਦੀ ਧੰਨਵਾਦੀ ਹਾਂ ਜਿਨ੍ਹਾਂ ਨੇ ਅਜਿਹੀ ਰੰਗ ਰੱਤੜੀ ਰੂਹ ਦੇ ਲੇਖਣੀ ਰਾਹੀਂ ਦਰਸ਼ਨ ਕਰਵਾਏ।

ਸੱਚੇ ਪਾਤਸ਼ਾਹ ਚੜ੍ਹਦੀ ਕਲਾ ਬਖ਼ਸ਼ਣ।

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫਤੇ॥

ਸਰਬ ਜੋਤ ਕੌਰ
ਲੁਧਿਆਣਾ

ਭੂਮਿਕਾ ਵਜੋਂ ਆਰੰਭਕ ਸ਼ਬਦ :-

ਗੁਰਮੁਖਿ ਪਰਉਪਕਾਰੀ ਵਿਰਲਾ ਆਇਆ।
ਗੁਰਮੁਖਿ ਸੁਖ ਫਲੁ ਪਾਇ ਆਪੁ ਗਵਾਇਆ।
ਗੁਰਮੁਖਿ ਸਾਖੀ ਸਬਦਿ ਸਿਖਿ ਸੁਣਾਇਆ।
ਗੁਰਮੁਖਿ ਸਬਦ ਵੀਚਾਰਿ ਸਚੁ ਕਮਾਇਆ।
ਸਚੁ ਰਿਦੈ ਮੁਹਿ ਸਚੁ ਸਚਿ ਸੁਹਾਇਆ।
ਗੁਰਮੁਖਿ ਜਨਮੁ ਸਵਾਰਿ ਜਗਤੁ ਤਰਾਇਆ।

(ਭਾਈ ਗੁਰਦਾਸ ਜੀ - ਵਾਰ ੧੯, ਪਉੜੀ ੧੨)

I

ਸੰਖੇਪ ਜੀਵਨ
ਡਾ. ਸੁਰਿੰਦਰ ਸਿੰਘ ਜੀ

ਗੁਰਮੁਖਾਂ ਦੀਆਂ ਜੀਵਨ ਘਟਨਾਵਾਂ ਨੂੰ ਲਿਖਣਾ ਏਨਾ ਹੀ ਕਠਿਨ ਹੈ ਜਿੰਨ੍ਹਾਂ ਕਿ ਸਮੁੰਦਰ ਨੂੰ ਕੂਜੇ ਵਿਚ ਬੰਦ ਕਰਨਾ। ਪੁਗੇ ਹੋਏ ਗੁਰੂ ਪਿਆਰਿਆਂ ਨੂੰ ਕਿਸੇ ਹੱਦ ਵਿਚ ਲਿਆਉਣਾ ਸੋਚ ਸ਼ਕਤੀ ਤੋਂ ਬਾਹਰ ਹੈ। ਸੋ ਜਤਨ ਹੈ ਕਿ ਟੁੱਟੇ-ਫੁੱਟੇ ਸਾਧਾਰਨ ਅੱਖਰਾਂ ਵਿਚ ਡਾਕਟਰ ਸੁਰਿੰਦਰ ਸਿੰਘ ਜੀ ਦੀ ਜੀਵਨੀ ਦੇ ਕੁਝ ਪਹਿਲੂ ਸਾਧ ਸੰਗਤ ਦੀ ਭੇਟਾ ਕੀਤੇ ਜਾਣ।

ਡਾਕਟਰ ਸੁਰਿੰਦਰ ਸਿੰਘ ਜੀ ਅਖੰਡ ਕੀਰਤਨੀ ਜਥੇ ਦੇ ਵਿਰਲੇ ਜਨਾਂ ਵਿਚੋਂ ਸਨ। ਆਪ ਜੀ ਸਦਾ ਭਜਨ ਅਭਿਆਸ ਵਿਚ ਅਰੂੜ ਰਹਿੰਦੇ, ਪਰ ਕਦੇ ਕਿਸੇ ਨੂੰ ਜ਼ਾਹਰ ਨਹੀਂ ਸਨ ਹੋਣ ਦਿੰਦੇ ਅਤੇ ਅੰਤਰ ਆਤਮੇ ਸਦਾ ਹੀ ਜੁੜੇ ਰਹਿੰਦੇ। ਅਕਾਲ ਪੁਰਖ ਦੀ ਜੋਤਿ ਪ੍ਰਕਾਸ਼ ਦੇ ਦਰਸ਼ਨਾਂ ਦਾ ਝਲਕਾਰਾ ਜੋ ਆਪ ਜੀ ਦੇ ਚਿਹਰੇ ਉਤੇ ਸੀ, ਉਹ ਵਿਰਲਿਆਂ ਹੀ ਅਭਿਆਸੀ ਜਨਾਂ ਦੇ ਦੇਖਿਆ-ਪੇਖਿਆ ਗਿਆ ਹੈ। ਆਪ ਜੀ ਸਦਾ ਹੀ ਵੈਰਾਗਮਈ ਦਸ਼ਾ ਵਿਚ ਗੜ੍ਹੂੰਦ ਰਹਿੰਦੇ ਸਨ।

ਆਪ ਜੀ ਨਿਸ਼ਕਾਮ ਸੇਵਾ ਦੇ ਪੁੰਜ ਅਤੇ ਪਰਉਪਕਾਰ ਦੇ ਨਿਰੇ ਪੁਤਲੇ ਸਨ। ਭਾਈ ਗੁਰਦਾਸ ਜੀ ਦੀਆਂ ਹੇਠ ਲਿਖੀਆਂ ਪੰਕਤੀਆਂ ਆਪ ਜੀ ਦੀ ਅਵਸਥਾ ਨਾਲ ਇੰਨ-ਬਿੰਨ ਢੁਕਦੀਆਂ ਹਨ :-

ਹਉ ਤਿਸੁ ਵਿਟਹੁ ਵਾਰਿਆ ਹੋਦੈ ਤਾਣਿ ਜੁ ਹੋਇ ਨਿਤਾਣਾ।
ਹਉ ਤਿਸੁ ਵਿਟਹੁ ਵਾਰਿਆ ਹੋਦੈ ਮਾਣਿ ਜੁ ਰਹੈ ਨਿਮਾਣਾ।
ਹਉ ਤਿਸੁ ਵਿਟਹੁ ਵਾਰਿਆ ਛੋਡਿ ਸਿਆਣਪ ਹੋਇ ਇਆਣਾ।
ਹਉ ਤਿਸੁ ਵਿਟਹੁ ਵਾਰਿਆ ਖਸਮੈ ਦਾ ਭਾਵੈ ਜਿਸੁ ਭਾਣਾ।
ਹਉ ਤਿਸੁ ਵਿਟਹੁ ਵਾਰਿਆ ਗੁਰਮੁਖ ਮਾਰਗੁ ਦੇਖਿ ਲੁਭਾਣਾ।
ਹਉ ਤਿਸੁ ਵਿਟਹੁ ਵਾਰਿਆ ਚਲਣੁ ਜਾਣਿ ਜੁਗਤਿ ਮਿਹਮਾਣਾ।
ਦੀਨ ਦੁਨੀ ਦਰਗਹ ਪਰਵਾਣਾ ।੩।

(ਭਾਈ ਗੁਰਦਾਸ ਜੀ, ਵਾਰ ੧੨, ਪਉੜੀ ੩)

ਆਪ ਜੀ ਆਤਮ ਬਲ ਵਿਚ ਹੁੰਦੇ ਹੋਏ ਵੀ ਆਪਣੇ ਆਤਮ ਬਲ ਦਾ ਰੰਚਕ ਮਾਤਰ ਵੀ ਇਜ਼ਹਾਰ ਨਹੀਂ ਸਨ ਕਰਦੇ। ਆਪ ਦੀ ਮਾਣ-ਮਹੱਤਤਾ ਛੋਟੀ ਉਮਰ ਵਿਚ ਹੀ ਵਡ-ਵਡੇਰੀ ਸੀ। ਡਾਕਟਰ ਸਾਹਿਬ ਦਾ ਸਾਰੇ ਹੀ ਬੜਾ ਸਤਿਕਾਰ ਕਰਦੇ ਸਨ, ਪਰ ਇਤਨੇ ਮਾਣ ਦੇ ਹੁੰਦਿਆਂ ਵੀ ਨਿਮਾਣੇ ਹੀ ਰਹਿੰਦੇ ਸਨ। ਸੰਸਾਰੀ ਸਿਆਣਪ ਤਾਂ ਉਹਨਾਂ ਦੇ ਨੇੜੇ ਹੀ ਨਹੀਂ ਢੁਕਦੀ ਸੀ। ਗੁਰਮਤਿ ਗੁਣਾਂ ਕਰਕੇ ਆਪ ਜੀ ਬਹੁਤ ਹੀ ਦਾਨੇ ਬੀਨੇ ਸਨ, ਮਾਨੋਂ ਅਕਲਾਂ ਦੇ ਕੋਟ ਹੀ ਸਨ।

ਆਪ ਜੀ ਛੋਟੇ ਬੱਚੇ ਬੱਚੀਆਂ ਨਾਲ ਮਿਲ ਕੇ ਉਨ੍ਹਾਂ ਨਾਲ ਇਸ ਤਰ੍ਹਾਂ ਘੁਲ ਮਿਲ ਜਾਂਦੇ ਕਿ ਘੰਟਿਆਂ ਬੱਧੀ ਉਨ੍ਹਾਂ ਨਾਲ ਗੱਲਾਂ ਬਾਤਾਂ ਕਰਦੇ ਰਹਿਣਾ ਅਤੇ ਹਸਦੇ ਖੇਡਦੇ ਰਹਿਣਾ। ਨਿਆਣਿਆਂ ਵਿਚ ਬੈਠ ਕੇ ਆਪ ਜੀ ਬਹੁਤ ਹੀ ਖੁਸ਼ ਹੁੰਦੇ ਸਨ। ਨਿਆਣਿਆਂ ਵਾਲਾ ਹੀ ਆਪ ਦਾ ਬੋਲ ਬੁਲਾਉ, ਨਿਆਣਿਆਂ ਵਾਲਾ ਹੀ ਕਦਰ ਕਦਰਾਉ ਸੀ। ਸਚਮੁੱਚ ਨਿਆਣਿਆਂ ਵਾਂਗੂੰ ਬੋਲਦੇ ਚਲਦੇ ਸਨ। ਕਈ-ਕਈ ਵਾਰੀ ਤਾਂ ਬੱਚਿਆਂ ਵਾਂਗ ਬੜਾ ਹੀ ਮਿੱਠ ਬੋਲੜਾ ਜਿਹਾ ਬੋਲ ਬੋਲਦੇ ਸਨ। ਸਿਆਣਿਆਂ ਵਾਲੀ ਮੱਤ, ਪਰੰਤੂ ਨਿਆਣਿਆਂ ਵਾਲਾ ਵਤੀਰਾ ਰਖਦੇ ਸਨ।

ਡਾਕਟਰ ਸਾਹਿਬ ਹੋਰੀਂ ਬਹੁਤ ਕਰਕੇ ਮੋਨ, ਮਤਵਾਲੀ ਦਸ਼ਾ ਵਿਚ ਹੀ ਅਨੰਦ ਮਗਨ ਰਹਿੰਦੇ। ਦੁਨੀਆਂਦਾਰੀ ਦਾ ਤਾਂ ਆਪ ਜੀ ਨੂੰ ਲੇਪ-ਛੇਪ ਹੀ ਨਹੀਂ ਸੀ। ਸੰਸਾਰੀ ਕੁਟੰਬੀਆਂ ਦੀ ਮੋਹ ਮਮਤਾ ਵਲੋਂ ਆਪ ਜੀ ਬਿਲਕੁਲ ਵਿਰੱਕਤ ਸਨ। ਸਾਰੀ ਰਾਤ ਗੁਪਤ ਬੈਠਿਆਂ ਵਿਹਾਉਣੀ, ਪਰ ਕਿਸੇ ਨੂੰ ਜਣਾਉਣਾ ਜਾਂ ਵਿਖਾਉਣਾ ਤੱਕ ਨਹੀਂ। ਇਉਂ ਦਰਸ਼ਨਾਂ ਵਿਚ ਵਿਗਸ-ਵਿਗਸ ਕੇ ਵਾਰਨੇ ਬਲਿਹਾਰਨੇ ਹੁੰਦੇ ਜਾਣਾ ਅਤੇ ਅਨੰਦ ਮਾਨਣਾ। ਵਿਗਸਾਉ ਭੀ ਅਜਿਹਾ ਕਿ ਕਦੇ ਉਤਰਾਉ ਵਿਚ ਆਉਣਾ ਹੀ ਨਹੀਂ। ਐਸਾ ਖੇੜਾ ਖਿੜਿਆ ਰਹਿਣਾ ਕਿ ਕਦੇ ਮੱਥੇ ਤੇ ਤਿਊੜੀ ਨਹੀਂ ਆਉਣੀ। ਸਾਨੂੰ ਢਿਲੜਾਂ ਨੂੰ ਕਦੇ ਜੇ ਆਪ ਨੇ ਝਿੜਕ ਵੀ ਮਾਰਨੀ ਤਾਂ ਵੀ ਮੱਥੇ ਦਾ ਖਿੜਾਉ ਟਿਕਾਉ ਉਵੇਂ ਹੀ ਰਹਿਣਾ।

ਪ੍ਰੇਮ ਪਿਆਲਾ ਚੁਪ-ਚੁਪੀਤੇ ਪੀਣ ਵਾਲੇ ਗਟਾਕ ਰਸੀਆਂ ਵਿਚੋਂ, ਇਕ ਅਤਿ ਮਤਵਾਲੇ ਨਾਮ ਰਸੀਏ ਤੇ ਪ੍ਰੇਮ ਦੇ ਪੁੰਜ ਸਨ। ਆਪ ਜੀ ਗੁੰਗੇ ਦੇ ਗੁੜ ਖਾਣ ਵਤ ਹਰਦਮ ਮਸਤ ਹੋਏ ਹੀ ਦਿਸਦੇ ਸਨ।

ਡਾਕਟਰ ਸਾਹਿਬ ਦੀ ਅਸੂਲ ਪ੍ਰਸਤੀ ਤੇ ਉਚ-ਆਚਰਣ ਦੇ ਗੁਣ ਮੰਨੇ-ਪ੍ਰਮੰਨੇ ਹੋਏ ਸਨ। ਆਪ ਦੇ ਬਚਨਾਂ ਚੋਂ ਤੱਤ ਗੁਰਮਤਿ ਦਾ ਝਲਕਾਰਾ ਨਿਖੜ-ਨਿਖੜ ਪੈਂਦਾ ਸੀ।

ਆਪ ਜੀ ਇਤਿਹਾਸਕ ਗੁਰਦੁਆਰਿਆਂ ਦੇ ਭੌਰੇ ਸਨ। ਇਤਿਹਾਸਕ ਗੁਰਦੁਆਰਿਆਂ ਦੀ ਸੇਵਾ ਕਰ ਕਰ ਕੇ ਖੀਵੇ ਹੋ ਹੋ ਰਹਿਣਾ। ਆਪ ਜੀ ਸ੍ਰੀ ਅਮ੍ਰਿਤਸਰ ਸਾਹਿਬ ਦੀ ਬਹੁਤ ਖਿੱਚ ਕਰਦੇ ਸਨ। ਜਦੋਂ ਕਿਤੇ ਮਨ 'ਚ ਸਫੁਰਨ ਫੁਰਨਾ, ਉਸੇ ਵੇਲੇ ਹੀ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੇ ਦਰਸ਼ਨਾਂ ਨੂੰ ਮੁਹਾਰਾਂ ਮੋੜ ਲੈਣੀਆਂ। ਇੱਥੇ, ਸ੍ਰੀ ਦਰਬਾਰ ਸਾਹਿਬ ਜੀ ਦੇ ਰਾਤ ਇਸ਼ਨਾਨ ਦੀ ਸੇਵਾ ਵਿਚ ਆਪ ਜੀ ਸਦਾ ਤਤਪਰ ਵੇਖੇ ਜਾਂਦੇ ਸਨ। ਜਦੋਂ ਕਿਤੇ ਦਿੱਲੀ ਜਾਣਾ ਤਾਂ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਸੇਵਾ ਨਿਭਾਉਂਦੇ ਸਨ।

ਮਾਤਾ ਪਿਤਾ ਤੇ ਜਨਮ

ਆਪ ਜੀ ਦੇ ਪਿਤਾ ਜੀ ਦਾ ਨਾਮ ਸੂਬੇਦਾਰ ਹਰਬਚਨ ਸਿੰਘ ਜੀ ਸੀ ਜਿਨ੍ਹਾਂ ਦਾ ਸੰਖੇਪ ਜਿਹਾ ਗੁਰਮੁਖ ਜੀਵਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਆਪਣੀ ਪੁਸਤਕ 'ਰੰਗਲੇ ਸਜਣ' ਵਿਚ 'ਸ੍ਰੀ ਦੂਲੇਸ਼ਰ ਵੀਰ ਹੀਰਾ ਹਰਬਚਨ ਸਿੰਘ' ਵਿਚ ਦਿੱਤਾ ਹੈ। ਜਦੋਂ ਆਪ ਜੀ ਦਾ ਜਨਮ ਹੋਇਆ ਉਦੋਂ ਸੂਬੇਦਾਰ ਜੀ ਜ਼ਿਲਾ ਮਿੰਟਗੁਮਰੀ ਦੀ ਬਾਰ ਵਿਚ ਚੱਕ ਨੰਬਰ 52 ਵਿਚ ਉਕਾੜੇ ਲਾਗੇ ਰਹਿ ਰਹੇ ਸਨ। ਦੇਸ਼ ਦੇ ਵੰਡ-ਵੰਡਈਏ ਨੇ ਇਸ ਸਥਾਨ ਨੂੰ ਇਕ ਅਭੁੱਲ ਯਾਦ ਬਣਾ ਦਿੱਤਾ ਹੈ। ਡਾਕਟਰ ਸਾਹਿਬ ਦੇ ਪੂਜਯ ਪਿਤਾ ਸੂਬੇਦਾਰ ਹਰਬਚਨ ਸਿੰਘ ਜੀ ਅਤੇ ਬਾਊ ਮਲ ਸਿੰਘ ਜੀ ਫੌਜ ਵਿਚ ਇਕੱਠੇ ਹੀ ਰਹਿੰਦੇ ਰਹੇ ਹਨ। ਇਹਨਾਂ ਦਾ ਆਪਸ ਵਿਚ ਬਹੁਤ ਹੀ ਨਿੱਘਾ ਪਿਆਰ ਸੀ। ਤਕਰੀਬਨ ਸੰਨ 1920 ਵਿਚ ਪਰਮ ਮਿੱਤਰਾਂ ਦੀ ਇਹ ਜੋੜੀ ਦੀ ਪੈਨਸ਼ਨ ਆਈ। ਸੂਬੇਦਾਰ ਜੀ ਨੇ ਸਰਕਾਰ ਵਲੋਂ ਮਿਲਿਆ ਮੁਰੱਬਾ ਵੀ ਬਾਊ ਜੀ ਦੇ ਨਾਲ ਹੀ ਉਕਾੜਾ ਵਿਖੇ ਅਲਾਟ ਕਰਵਾ ਲਿਆ। ਚੱਕ ਨੰਬਰ 52/2 ਐੱਲ ਵਿਖੇ ਇਹਨਾਂ ਦੇ ਮਕਾਨਾਂ ਦੀ ਪਿੱਠ ਬਾਊ ਜੀ ਦੇ ਮਕਾਨ ਨਾਲ ਲਗਦੀ ਸੀ।

ਡਾਕਟਰ ਸਾਹਿਬ ਦੇ ਦਾਦਾ ਸੂਬੇਦਾਰ ਮਾਨ ਸਿੰਘ ਜੀ ਸਨ। ਸੂਬੇਦਾਰ ਮਾਨ ਸਿੰਘ ਜੀ 36 ਨੰਬਰ ਰਸਾਲੇ ਵਿਚ ਹੈਡ ਕਲਰਕ ਸਨ। ਇਹ ਬਹੁਤ ਹੀ ਗੁਰਮੁਖ ਸਨ। ਮਾਨਯੋਗ ਬਾਊ ਮਲ ਸਿੰਘ ਜੀ ਵੀ ਇਸੇ ਰਸਾਲੇ ਵਿਚ ਨਿਯੁਕਤ ਸਨ। ਬਾਊ ਜੀ ਦਾ ਭਾਈ ਮਾਨ ਸਿੰਘ ਜੀ ਦੇ ਘਰ ਕਾਫੀ ਆਉਣ ਜਾਣ ਸੀ। ਭਾਈ ਮਾਨ ਸਿੰਘ ਜੀ ਦੇ ਸਪੁੱਤਰ ਹਰਬਚਨ ਸਿੰਘ ਜੀ ਨੇ ਬਾਊ ਮਲ ਸਿੰਘ ਜੀ ਦੀ ਸੰਗਤ ਸਦਕਾ ਹੀ ਅੰਮ੍ਰਿਤ ਪਾਨ ਕੀਤਾ ਸੀ ਅਤੇ ਅੰਮ੍ਰਿਤ ਪਾਨ ਕਰਦੇ ਸਾਰ ਹੀ ਦਸਮ ਦੁਆਰ ਦੇ ਉਚ ਅਦਾਰਿਆਂ ਵਿਚ ਜਾ ਬਿਰਾਜੇ ਸਨ। ਫਿਰ ਸਾਰੀ ਉਮਰ ਇਹਨਾਂ ਰੰਗਾਂ ਵਿਚ ਹੀ ਵਿਚਰਦੇ ਰਹੇ। ਸਰਦਾਰ ਮਾਨ ਸਿੰਘ

ਜੀ ਦੇ ਸਪੁੱਤਰ ਹਰਬਚਨ ਸਿੰਘ ਜੀ ਦਾ ਹਿਰਦਾ ਬੜਾ ਹੀ ਵਿਸ਼ਾਲ ਸੀ, ਪੁਜ ਕੇ ਉਦਾਰ ਸੀ। ਗੁਪਤ ਦਾਨੀ ਇਨ੍ਹਾਂ ਵਰਗਾ ਕੋਈ ਵਿਰਲਾ ਹੀ ਮਿਲਦਾ ਹੈ। ਗੁਰਸਿਖਾਂ ਲਈ ਅਤੇ ਲੋੜਵੰਦਾਂ ਲਈ ਆਪਣਾ ਤਨ, ਮਨ ਅਤੇ ਧਨ ਵਾਰ ਦੇਣਾ ਇਹਨਾਂ ਲਈ ਇਕ ਸਹਿਜ ਸੁਹੇਲੀ ਖੇਡ ਸੀ।

ਡਾਕਟਰ ਸਾਹਿਬ ਦੇ ਮਾਤਾ ਜੀ ਦਾ ਨਾਮ ਬੀਬੀ ਤੇਜ ਕੌਰ ਜੀ ਸੀ। ਡਾਕਟਰ ਸਾਹਿਬ ਦੇ ਜਨਮ ਤੋਂ ਪਹਿਲਾਂ ਸੂਬੇਦਾਰ ਹਰਬਚਨ ਸਿੰਘ ਜੀ ਦੇ ਘਰ ਮਾਤਾ ਤੇਜ ਕੌਰ ਜੀ ਦੀ ਕੁਖੋਂ ਦਸ ਬੱਚੇ ਬੱਚੀਆਂ ਨੇ ਜਨਮ ਲਿਆ ਸੀ ਅਤੇ ਇਹ ਦਸਾਂ ਦੇ ਦਸ ਬੱਚੇ ਹੀ ਥੋੜੀ-ਥੋੜੀ ਆਯੂ ਬਤੀਤ ਕਰ ਕੇ ਗੁਰੂ ਨੂੰ ਪਿਆਰੇ ਹੁੰਦੇ ਰਹੇ। ਇਹ ਮਾਤਾ ਜੀ ਵਡਮੁੱਲੀ ਗੁਰਮੁਖ ਰੂਹ ਸਨ। ਇਤਨੇ ਬੱਚੇ ਚੜ੍ਹਾਈ ਕਰ ਜਾਣ ਦੇ ਬਾਵਜੂਦ ਵੀ ਆਪ ਜੀ ਸਿਖੀ ਸਿਦਕ ਤੇ ਦ੍ਰਿੜ੍ਹ ਰਹੇ ਅਤੇ ਜੇ ਵੈਰਾਗ ਵਿਚ ਆਉਂਦੇ ਤੇ ਜਾ ਨਿਮਰੀਭੂਤ ਹੋ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁਖ ਜੁੜ ਕੇ ਆਪਣੇ ਜੀਅ ਦੀ ਗੁਹਜ ਗੱਲ ਕਹਿੰਦੇ ਅਤੇ ਹੁਕਮ ਮੰਨ ਕੇ ਸੰਤੁਸ਼ਟ ਰਹਿੰਦੇ। ਫਿਰ ਵੀ ਕਦੇ ਕਦਾਈਂ ਆਪਣੇ ਪਤੀ ਜੀ ਨੂੰ ਕਹਿੰਦੇ ਕਿ ਇਹ ਬਿਖਮ ਭਾਣੇ ਕਿੰਨੀ ਕੁ ਦੇਰ ਤੱਕ ਵਰਤਦੇ ਰਹਿਣਗੇ। ਗੁਰਮੁਖ ਪਿਆਰੇ ਭਾਈ ਹਰਬਚਨ ਸਿੰਘ ਜੀ ਕਹਿੰਦੇ ਕਿ ਇਹ ਜਿਹੜੇ ਬੱਚੇ ਸਾਡੇ ਘਰ ਜਨਮ ਲੈਂਦੇ ਹਨ, ਪਿਛਲੇ ਜਨਮ ਦੇ ਕੋਈ ਭਗਤ ਜਨ ਹਨ। ਉਹ ਆਪਣੀ ਰਹਿ ਗਈ ਕਮੀ ਪੂਰੀ ਕਰਨ ਲਈ ਸਾਡੇ ਗ੍ਰਹਿ ਵਿਖੇ ਸਿਰਫ਼ ਅੰਮ੍ਰਿਤ ਪਾਨ ਕਰਨ ਖ਼ਾਤਰ ਹੀ ਪਧਾਰਦੇ ਹਨ ਅਤੇ ਜਦੋਂ ਗੁਰੂ ਕੀ ਮੋਹਰ ਲਗ ਜਾਂਦੀ ਹੈ ਤਾਂ ਸਚਖੰਡ ਨੂੰ ਕੂਚ ਕਰ ਜਾਂਦੇ ਹਨ। ਇਸ ਲਈ ਇਹਨਾਂ ਦੇ ਵਿਛੋੜੇ ਵਿਚ ਵੈਰਾਗ ਕਰਨਾ ਨਹੀਂ ਸ਼ੋਭਦਾ।

ਪਰ ਮਾਂ ਮਮਤਾ ਵਿਛੋੜੇ ਦੇ ਇਹ ਸੱਲ ਕਿੰਨੀ ਕੁ ਦੇਰ ਤੱਕ ਝੱਲ ਸਕਦੀ ਸੀ। ਗਿਆਰ੍ਹਵੇਂ ਬੱਚੇ ਦੇ ਜਨਮ ਤੋਂ ਪਹਿਲਾਂ ਮਾਤਾ ਜੀ ਨੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪਾਸ ਜੋਦੜੀ ਕੀਤੀ, ''ਸਾਈਆਂ ਜੀਉ, ਤੁਠੋ, ਇਹ ਬੱਚਾ ਜਿਹੜਾ ਸਾਡੇ ਘਰ ਭੇਜੋਗੇ, ਆਯੂ ਵਾਲਾ ਹੋਵੇ।'' ਅਤੇ ਨਾਲ ਹੀ ਇਹ ਵੀ ਪ੍ਰਣ ਕੀਤਾ ਕਿ ਇਸ ਬੱਚੇ ਦਾ ਨਾਮ ਸੰਸਕਾਰ ਸਚਖੰਡ ਸ੍ਰੀ ਹਜ਼ੂਰ ਸਾਹਿਬ, ਸ੍ਰੀ ਅਬਚਲ ਨਗਰ ਵਿਖੇ ਕਰਾਂਗੇ।

ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ।।

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ - ਅੰਗ ੮੧੯)

ਉਪਰੋਕਤ ਪੁਕਾਰ ਵਾਹਿਗੁਰੂ ਪਿਤਾ ਜੀ ਨੇ ਬਿਲਕੁਲ ਨੇੜੇ ਹੋ ਕੇ ਸੁਣੀ। 30 ਅਕਤੂਬਰ 1926 ਦੇ ਦਿਨ ਇਕ ਉਤਮ ਰੂਹ ਦਾ ਜਨਮ ਹੋਇਆ। ਇਕ ਸਾਲ ਤੋਂ ਬਾਅਦ ਇਸ ਗੁਰਮੁਖ ਰੂਹ ਦਾ ਨਾਮ ਸੰਸਕਾਰ ਅਰਦਾਸ ਮੁਤਾਬਕ ਸਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਜਾ ਕੇ ਕੀਤਾ ਗਿਆ। ਉਥੇ ਹੀ ਸੁਰਿੰਦਰ ਸਿੰਘ ਨਾਮ ਰਖਿਆ ਗਿਆ। ਇਸ ਪਵਿੱਤਰ ਦੰਪਤੀ ਦਾ ਇਹ ਪਹਿਲਾ ਫਲ ਸੀ ਜਿਹੜਾ ਦਸਾਂ ਬੱਚਿਆਂ ਤੋਂ ਬਾਅਦ ਵਾਹਿਗੁਰੂ ਪਿਤਾ ਜੀ ਦੀ ਕਿਰਪਾ ਦੇ ਸਦਕੇ ਬਚਿਆ ਰਿਹਾ।

ਡਾਕਟਰ ਸੁਰਿੰਦਰ ਸਿੰਘ ਜੀ ਆਪਣੇ ਪਰਵਾਰ ਵਿਚੋਂ ਸਭ ਤੋਂ ਵੱਡੇ ਸਨ। ਆਪ ਜੀ ਦਾ ਹੋਰ ਇਕ ਭਰਾ ਅਤੇ ਦੋ ਭੈਣਾਂ ਹਨ। ਡਾਕਟਰ ਸਾਹਿਬ ਤੋਂ ਦੂਜੇ ਨੰਬਰ ਤੇ ਇਹਨਾਂ ਦੀ ਭੈਣ ਬੀਬੀ ਹਰਜੀਤ ਕੌਰ ਜੀ ਹਨ। ਇਸ ਬੀਬੀ ਦੇ ਪਤੀ ਸ. ਉਂਕਾਰ ਸਿੰਘ ਜੀ ਰੀਟਾਇਰਡ ਜੱਜ ਹਨ। ਇਹਨਾਂ ਦੇ ਲੜਕੇ ਭਾਈ ਗੁਰਸ਼ਰਨ ਸਿੰਘ ਨੂੰ ਡਾਕਟਰ ਸਾਹਿਬ ਦੀ ਵੱਡਮੁਲੀ ਸੰਗਤ ਪ੍ਰਾਪਤ ਰਹੀ ਹੈ, ਜੋ ਇਸ ਸਮੇਂ ਹਰਬਟਪੁਰ ਜ਼ਿਲ੍ਹਾ ਦੇਹਰਾਦੂਨ ਵਿਖੇ 40 ਏਕੜ ਜ਼ਮੀਨ ਦੇ ਫਾਰਮ ਦੀ ਦੇਖ-ਰੇਖ ਕਰਦੇ ਹਨ ਅਤੇ ਗੁਪਤ ਰਹਿ ਕੇ ਨਾਮ ਬਾਣੀ ਵਿਚ ਜੁੱਟੇ ਰਹਿੰਦੇ ਹਨ।

ਡਾਕਟਰ ਸਾਹਿਬ ਤੋਂ ਤੀਜੇ ਨੰਬਰ ਤੇ ਆਪ ਜੀ ਦੇ ਵੀਰ ਅਮਰਜੀਤ ਸਿੰਘ ਹਨ। ਉਹ ਇਸ ਸਮੇਂ ਬ੍ਰਿਟਿਸ਼ ਪੋਸਟਲ ਸਰਵਿਸ ਵਿਚ ਇੰਗਲੈਂਡ ਸਰਵਿਸ ਕਰ ਰਹੇ ਹਨ। ਡਾਕਟਰ ਸਾਹਿਬ ਤੋਂ ਚੌਥੇ ਨੰਬਰ ਤੇ ਬੀਬੀ ਮੋਹਿੰਦਰ ਕੌਰ ਜੀ ਹਨ ਅਤੇ ਉਹ ਆਪਣੇ ਪਤੀ ਜਗਜੀਤ ਸਿੰਘ ਨਾਲ ਬੰਬਈ ਰਹਿੰਦੇ ਸਨ, ਜੋ ਕਿ ਨੇਵੀ ਵਿਚ ਸਰਵਿਸ ਕਰਦੇ ਸਨ। ਹੁਣ ਉਹ ਰੀਟਾਇਰ ਹੋ ਕੇ ਬਾਹਰ ਸਿਵਲ ਵਿਚ ਰਹਿ ਰਹੇ ਹਨ।

ਬਚਪਨ ਤੇ ਵਿਦਿਆ

ਡਾਕਟਰ ਸਾਹਿਬ ਨੇ ਅਜੇ ਪੂਰੀ ਤਰ੍ਹਾਂ ਹੋਸ਼ ਵੀ ਨਹੀਂ ਸੀ ਸੰਭਾਲੀ ਕਿ ਆਪ ਜੀ ਦੇ ਸਿਰ ਤੋਂ ਮਾਤਾ ਪਿਤਾ ਦਾ ਸਾਇਆ ਉਠ ਗਿਆ। ਮਾਤਾ ਪਿਤਾ ਦੇ ਜਾਣ ਤੋਂ ਬਾਅਦ ਆਪ ਜੀ ਨੂੰ ਨਿੱਕੇ ਵੀਰ ਅਤੇ ਭੈਣਾਂ ਸਮੇਤ ਆਪਣੇ ਨਾਨਾ ਨਾਨੀ ਜੀ ਪਾਸ ਰਹਿਣਾ ਪਿਆ। ਡਾਕਟਰ ਸਾਹਿਬ ਦੇ ਨਾਨਾ ਜੀ ਕਾਫ਼ੀ ਬਿਰਧ ਹੋ ਚੁੱਕੇ ਸਨ ਅਤੇ ਉਹਨਾਂ ਨੇ ਸਮੇਂ ਦੀ ਨਜ਼ਾਕਤ ਨੂੰ ਵਿਚਾਰਦਿਆਂ ਇਹਨਾਂ ਚੌਹਾਂ ਭੈਣਾਂ ਭਰਾਵਾਂ ਨੂੰ ਇਹਨਾਂ ਦੇ ਤਾਏ, ਸ. ਹਰਦਿਤ ਸਿੰਘ ਜੀ ਦੇ ਘਰ ਭੇਜ ਦਿੱਤਾ। ਆਪ ਦੇ ਤਾਇਆ ਜੀ ਉਦੋਂ ਮੇਰਠ ਵਿਖੇ ਪੁਲਿਸ ਡਿਪਟੀ ਸੁਪ੍ਰਡੈਂਟ ਸਨ। ਇਹਨਾਂ ਦੇ ਗ੍ਰਹਿ ਵਿਖੇ ਹੀ ਡਾਕਟਰ ਸਾਹਿਬ ਦੇ ਪਿਤਾ ਜੀ ਨੇ ਸਰੀਰ ਛੱਡਿਆ ਸੀ।

ਸ. ਹਰਦਿਤ ਸਿੰਘ ਦਾ ਆਪਣਾ ਬੱਚਾ ਕੋਈ ਨਹੀਂ ਸੀ ਅਤੇ ਉਹਨਾਂ ਨੇ ਇਹਨਾਂ ਚੌਹਾਂ ਭੈਣ ਭਰਾਵਾਂ ਨੂੰ ਰਖਣਾ ਬੜੀ ਖੁਸ਼ੀ ਨਾਲ ਕਬੂਲ ਲਿਆ। ਮੇਰਠ ਵਿਖੇ ਇਹਨਾਂ ਪਾਸ ਬੜਾ ਵੱਡਾ ਬੰਗਲਾ ਸੀ ਅਤੇ ਕਈ ਨੌਕਰ ਚਾਕਰ ਸਨ। ਇਥੋਂ ਤੱਕ ਕਿ ਇਹਨਾਂ ਨੇ ਬੰਗਲੇ ਵਿਚ ਕਈ ਕਿਸਮ ਦੇ ਜਾਨਵਰ ਆਦਿ ਪਾਲੇ ਹੋਏ ਸਨ। ਇਥੇ ਇਹਨਾਂ ਭੈਣ ਭਰਾਵਾਂ ਨੂੰ ਆਪਣੇ ਮਾਤਾ ਪਿਤਾ ਦਾ ਵਿਛੋੜਾ ਤਾਂ ਭਾਵੇਂ ਨਹੀਂ ਸੀ ਭੁਲਦਾ, ਪਰ ਪੂਰੀਆਂ ਸ਼ਹਿਨਸ਼ਾਹੀ ਸਹੂਲਤਾਂ ਹਾਸਲ ਹੋਣ ਕਰਕੇ ਬਿਰਹੋਂ ਦਾ ਸੇਕ ਕੁਝ ਘਟ ਗਿਆ।

ਡਾਕਟਰ ਸਾਹਿਬ ਦੀ ਬਚਪਨ ਤੋਂ ਹੀ ਸਾਧੂਆਂ ਵਾਲੀ ਰੁਚੀ ਸੀ। ਨਿਕੇ ਹੁੰਦਿਆਂ ਵੀ ਆਪ ਜੀ ਦਾ ਮਨ ਬਹੁਤ ਹੀ ਉਦਾਰ-ਚਿਤ ਤੇ ਦਇਆਲੂ ਸੀ। ਬੰਗਲੇ ਵਿਚ ਰਖੇ ਹੋਏ ਜਾਨਵਰਾਂ ਨਾਲ ਆਪ ਜੀ ਬਹੁਤ ਪਿਆਰ ਕਰਦੇ ਸਨ। ਇਥੋਂ ਦੀ ਇਕ ਬੜੀ ਦਿਲਚਸਪ ਘਟਨਾ ਆਪ ਜੀ ਦੀ ਛੋਟੇ ਭੈਣ ਹਰਜੀਤ ਕੌਰ ਨੇ ਇਉਂ ਦੱਸੀ ਹੈ ਕਿ ਡਾਕਟਰ ਸਾਹਿਬ ਘਰ ਵਿਚ ਪਾਲੀਆਂ ਮੁਰਗੀਆਂ ਨੂੰ ਰੋਜ਼ਾਨਾ ਚੋਗਾ ਆਦਿ ਸਮੇਂ ਸਿਰ ਪਾਇਆ ਕਰਦੇ ਸਨ ਅਤੇ ਉਹਨਾਂ ਨਾਲ ਖੇਡਦੇ ਰਹਿੰਦੇ ਸਨ। ਇਕ ਦਿਨ ਕੋਈ ਖਾਸ ਪਾਰਟੀ ਸੀ। ਨੌਕਰਾਂ ਨੇ ਮੁਰਗੀਆਂ ਨੂੰ ਫੜ ਲਿਆ ਅਤੇ ਡਾਕਟਰ ਸਾਹਿਬ ਦੇ ਸਾਹਮਣੇ ਹੀ ਉਨ੍ਹਾਂ ਨੂੰ ਕੱਟ-ਵੱਡ ਦਿੱਤਾ। ਬੱਸ ਫਿਰ ਕੀ ਸੀ, ਡਾਕਟਰ ਸਾਹਿਬ ਦੇ ਦਿਲ ਤੇ ਇਸ ਦਾ ਏਨਾ ਅਸਰ ਹੋਇਆ ਕਿ ਠੀਕ ਹੋਣ ਵਿਚ ਹੀ ਨਾ ਆਉਣ। ਇਸ ਤੋਂ ਬਾਅਦ ਆਪ ਦੀ ਤਾਈ ਨੇ ਨੌਕਰਾਂ ਨੂੰ ਮਨ੍ਹਾਂ ਕਰ ਦਿੱਤਾ ਕਿ ਜਿਹੜਾ ਜਾਨਵਰ ਬੱਚਿਆਂ ਨੇ ਪਾਲਿਆ ਹੋਵੇ, ਉਸਨੂੰ ਬਿਲਕੁਲ ਨਹੀਂ ਛੇੜਨਾ। ਡਾਕਟਰ ਸਾਹਿਬ ਬਚਪਨ ਤੋਂ ਹੀ ਇੰਨੇ ਨਰਮ-ਦਿਲ ਸਨ ਕਿ ਕਿਸੇ ਦਾ ਦੁੱਖ ਆਪਣੀ ਅੱਖੀਂ ਨਹੀਂ ਸਨ ਦੇਖ ਸਕਦੇ।

ਮੁਢਲੀ ਵਿਦਿਆ ਆਪ ਜੀ ਨੇ ਮੇਰਠ ਅਤੇ ਦੇਹਰਾਦੂਨ ਵਿਖੇ ਪ੍ਰਾਪਤ ਕੀਤੀ। ਮੇਰਠ ਵਿਖੇ ਆਪ ਜੀ ਨੇ ਪ੍ਰਾਇਮਰੀ ਕੀਤੀ ਅਤੇ ਪੰਜਵੀਂ ਕਰਨ ਤੋਂ ਬਾਅਦ ਇਹਨਾਂ ਦੇ ਤਾਇਆ ਜੀ ਦੀ ਬਦਲੀ ਦੇਹਰਾਦੂਨ ਹੋ ਗਈ। ਉਥੇ ਹੀ ਆਪ ਜੀ ਨੂੰ ਸੇਂਟ ਜੌਸਫ਼ ਅਕੈਡਮੀ ਵਿਚ ਦਾਖ਼ਲ ਕਰਵਾ ਦਿੱਤਾ ਗਿਆ। ਉਥੋਂ ਆਪ ਜੀ ਨੇ ਬੜੇ ਹੀ ਅੱਛੇ ਨੰਬਰਾਂ ਵਿਚ ਸੀਨੀਅਰ ਕੈਂਬਰਿਜ ਪਾਸ ਕਰ ਲਈ। ਡਾਕਟਰ ਸਾਹਿਬ ਵਿਦਿਆ ਪ੍ਰਾਪਤੀ ਸਮੇਂ ਅਤੇ ਬਚਪਨ ਵਿਚ ਰਾਜਕੁਮਾਰਾਂ ਵਾਂਗ ਰਹਿੰਦੇ ਰਹੇ। ਜੋ ਇਹ ਹੁਕਮ ਕਰ ਦਿੰਦੇ ਸਨ, ਉਵੇਂ ਹੀ ਸਭ ਨੂੰ ਮੰਨਣਾ ਪੈਂਦਾ ਸੀ। ਨੌਕਰਾਂ ਨੇ ਹੀ ਆਪ ਨੂੰ ਕਾਰ ਵਿਚ ਸਕੂਲ ਲਿਜਾਣਾ ਅਤੇ ਨੌਕਰਾਂ ਨੇ ਹੀ ਵਾਪਸ ਲਿਆਉਣਾ। ਡਾਕਟਰ ਸਾਹਿਬ ਦੇ ਉਦਾਰ ਹਿਰਦੇ ਨੇ ਕਦੀ ਵੀ ਕਿਸੇ ਨੌਕਰ ਨੂੰ ਕੋਈ ਦੁਖਦਾਈ ਸ਼ਬਦ ਨਾ ਆਖਣਾ ਅਤੇ ਨਾ ਹੀ ਅਹਿਲਕਾਰਾਂ

ਵਾਂਗ ਹੁਕਮ ਕਰਨਾ। ਆਪ ਦੇ ਹੁੰਦਿਆਂ ਜੇ ਕੋਈ ਨੌਕਰਾਂ ਨੂੰ ਝਿੜਕਦਾ ਵੀ ਤਾਂ ਆਪ ਨੇ ਕਹਿਣਾ ਕੀ ਇਹ ਇਨਸਾਨ ਨਹੀਂ? ਬਾਲੜੀ ਉਮਰੇ ਹੀ, ਮਨੁੱਖ ਮਾਤਰ ਲਈ ਕਿੰਨ੍ਹਾਂ ਪਿਆਰ ਸਤਿਕਾਰ ਸੀ ਆਪ ਦੇ ਹਿਰਦੇ ਵਿਚ। ਸੀਨੀਅਰ ਕੈਂਬਰਿਜ ਕਰਨ ਪਿਛੋਂ ਆਪ ਨੇ ਕਾਲਜ ਦਾਖਲ ਹੋ ਕੇ ਬੀ.ਏ. ਕੀਤੀ। ਕਾਲਜ ਦੀ ਵਿਦਿਆ ਤੋਂ ਬਾਅਦ ਆਪ ਨੇ ਪਾਰਟ ਟਾਇਮ ਆਟੋ ਮੋਬਾਇਲ ਇੰਜੀਨੀਅਰਿੰਗ ਦਾ ਡਿਪਲੋਮਾ ਵੀ ਕੀਤਾ।

ਨੌਕਰੀ ਕਰਨੀ

ਦੁਨਿਆਵੀ ਵਿਦਿਆ ਡਾਕਟਰ ਸਾਹਿਬ ਨੇ ਜਿੰਨ੍ਹੀ ਹਾਸਲ ਕਰਨੀ ਸੀ, ਉਹ ਆਪ ਨੇ ਸੰਨ 1944 ਤੱਕ ਮੁਕਾ ਲਈ। ਹੁਣ ਆਪ ਜੀ ਦਾ ਰੁਝਾਣ ਕੋਈ ਸਰਵਿਸ ਕਰਨ ਦਾ ਬਣਿਆ ਅਤੇ ਆਪ ਜੀ ਆਪਣੀ ਭੈਣ ਹਰਜੀਤ ਕੌਰ ਪਾਸ ਦਿੱਲੀ ਪੁਜੇ। ਇਥੇ ਆਪ ਨੇ ਪਿਆਰੇ ਲਾਲ ਐਂਡ ਸੰਨਜ ਫਰਮ ਵਿਚ ਨੌਕਰੀ ਕਰ ਲਈ। 1947 ਵਿਚ ਆਪ ਨੇ ਇਸ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ।

ਇਥੋਂ ਆਪ ਜੀ ਬੰਬੇ ਆਪਣੀ ਭੈਣ ਮੋਹਿੰਦਰ ਕੌਰ ਜੀ ਪਾਸ ਗਏ। ਬੰਬੇ ਵਿਚ ਇਹਨਾਂ ਨੇ ਫਾਇਰ ਸਟੋਨ ਕੰਪਨੀ ਵਿਚ ਇੰਟਰਵਿਊ ਦਿੱਤੀ ਅਤੇ ਚੁਣੇ ਗਏ। ਇਥੇ ਨੌਕਰੀ ਕਰਨ ਸਮੇਂ ਹੀ ਆਪ ਜੀ ਨੂੰ ਨਾਨੀ ਜੀ ਦਾ ਸੁਨੇਹਾ ਪੁਜਾ ਕਿ ਮੈਨੂੰ ਆ ਕੇ ਮਿਲ ਜਾਉ। ਨਾਨੀ ਜੀ ਨੇ ਇਹਨਾਂ ਨੂੰ ਬਿਲਕੁਲ ਨਿੱਕੇ ਹੁੰਦਿਆਂ ਦਾ ਹੀ ਦੇਖਿਆ ਸੀ। ਆਪ ਦਾ ਨਾਨਕਾ ਪਿੰਡ ਗੰਦੋਵਾਲ ਸੀ। ਪਰ ਨਾਨੀ ਜੀ ਸ੍ਰੀ ਅਨੰਦਪੁਰ ਸਾਹਿਬ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਰਿਹਾਇਸ਼ੀ ਕਮਰੇ ਵਿਚ ਰਿਹਾ ਕਰਦੇ ਸਨ। ਨਾਨੀ ਜੀ ਇੱਕਲੇ ਹੀ ਸਨ ਅਤੇ ਉਹਨਾਂ ਨੇ ਆਪਣੀ ਸਾਰੀ ਜਾਇਦਾਦ ਵੇਚ ਕੇ ਪੈਸਾ ਗੁਰੂ ਘਰ ਵਿਚ ਦੇ ਦਿੱਤਾ ਸੀ। ਇਥੇ ਹੀ ਆਪ ਨਿਰਬਾਹ ਕਰਦੇ ਸਨ, ਕਦੀ ਕਦਾਈਂ ਆਪਣੇ ਪਿੰਡ ਗੰਦੋਵਾਲ ਜਾਇਆ ਕਰਦੇ ਸਨ। ਨਾਨੀ ਜੀ ਦੇ ਸੱਦੇ ਤੇ ਆਪ ਜੀ ਫਾਇਰ ਸਟੋਨ ਕੰਪਨੀ ਤੋਂ ਛੁੱਟੀ ਲੈ ਕੇ ਸ੍ਰੀ ਅਨੰਦਪੁਰ ਸਾਹਿਬ ਪੁਜੇ। ਨਾਨੀ ਨੇ ਆਪ ਨਾਲ ਬਹੁਤ ਹੀ ਪਿਆਰ ਕੀਤਾ। ਇਥੇ ਹੀ ਇਹਨਾਂ ਨੇ ਗੁਰਮੁਖੀ ਲਿਪੀ ਸਿਖੀ ਅਤੇ ਨਾਨੀ ਜੀ ਦੇ ਉਪਦੇਸ਼ ਤੇ ਮੂਲਮੰਤਰ ਦਾ ਪਾਠ ਕਰਨਾ ਅਤੇ ਸਵੇਰੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸ੍ਰੀ ਆਸਾ ਜੀ ਦੀ ਵਾਰ ਦੇ ਕੀਰਤਨ ਦੀ ਹਾਜ਼ਰੀ ਭਰਨੀ ਅਰੰਭੀ। ਹੁਣ ਤੱਕ ਡਾਕਟਰ ਸਾਹਿਬ ਗੁਰਮੁਖੀ ਸਿਖ ਚੁਕੇ ਸਨ ਅਤੇ ਪਾਠ ਕਰਿਆ ਕਰਦੇ ਸਨ। ਜਲਦੀ, ਆਪ ਨੂੰ ਨਿਤਨੇਮ ਵੀ ਕੰਠ ਹੋ ਗਿਆ। ਫਾਇਰ ਸਟੋਨ ਕੰਪਨੀ ਦੀ ਸਰਵਿਸ ਚੋਂ ਜਦੋਂ ਵੀ ਛੁੱਟੀ ਮਿਲਦੀ, ਆਪ ਨਾਨੀ ਜੀ ਪਾਸ ਜਾ ਠਹਿਰਦੇ।

ਆਪ ਜੀ ਦੇ ਨਾਨੀ ਜੀ ਦੀਆਂ ਕਈ ਅਲੌਕਿਕ ਦਿਬ ਦ੍ਰਿਸ਼ਟੀ ਦੀਆਂ ਕਥਾਵਾਂ, ਡਾਕਟਰ ਸਾਹਿਬ ਦੀ ਜ਼ੁਬਾਨੀ ਗੁਰਸਿਖਾਂ ਦੇ ਹਿਰਦਿਆਂ 'ਚ ਹਨ।

ਇਥੇ ਹੀ ਰਹਿੰਦਿਆਂ ਇਹਨਾਂ ਦਾ ਰੁਝਾਣ ਹੋਮਿਊਪੈਥਿਕ ਵਿਦਿਆ ਅਤੇ ਯੂਨਾਨੀ ਹਿਕਮਤ ਡੀਸ਼ੇਨ ਵਲ ਗਿਆ। ਪੂਰੀ ਡੂੰਘਿਆਈ 'ਚ ਪੁਜਣ ਤੇ ਲੋੜਵੰਦਾਂ ਦਾ ਇਲਾਜ ਮੁਫ਼ਤ ਹੀ ਕਰਦੇ ਰਹੇ। ਇਸੇ ਕਰਕੇ ਆਪ ਡਾਕਟਰ ਦੇ ਨਾਂ ਨਾਲ ਮਸ਼ਹੂਰ ਹੋਏ।

ਗੁਰਸਿਖੀ ਦਾ ਪ੍ਰੇਮ ਕਿਵੇਂ ਲਗਾ?

ਪਿਤਾ ਸੂਬੇਦਾਰ ਹਰਿਬਚਨ ਸਿੰਘ ਜੀ ਦੀਆਂ ਪ੍ਰਮਾਰਥਕ ਉਚ ਉਡਾਰੀਆਂ ਦੀਆਂ ਕਥਾਵਾਂ, ਸੀਨਾ-ਬਸੀਨਾ ਜਦੋਂ 22-23 ਸਾਲਾਂ ਦੇ ਨੌਜਵਾਨ ਸੁਰਿੰਦਰ ਸਿੰਘ ਜੀ ਦੇ ਕੰਨਾਂ ਵਿਚ ਪੈਂਦੀਆਂ, ਹਿਰਦੇ ਚੋਂ ਵੈਰਾਗ ਦੇ ਕੜ ਫੁਟ ਪੈਂਦੇ ਅਤੇ ਬਿਰਹੁ ਵਿਛੁੰਨੇ ਨੈਣਾਂ ਵਿਚੋਂ ਨੀਰ ਵਹਿ ਤੁਰਦਾ। ਕ੍ਰਿਸਚੀਅਨ ਸਕੂਲ ਦੀ ਪੜ੍ਹਾਈ ਨੇ ਵੀ ਆਪ ਜੀ ਦੇ ਜੀਵਨ ਵਿਚ ਪਲਟਾ ਆਉਣ ਵਿਚ ਕੋਈ ਅੜਿੱਚਣ ਨਾ ਪਾਈ। ਜਦੋਂ ਪੂਰਬਲੇ ਕਰਮ ਉਦੇ ਹੁੰਦੇ ਹਨ ਤਾਂ ਇਹ ਦੜਿਆਂ ਦੁਨਿਆਵੀਆਂ ਸਭ ਲਾਚਾਰ ਹੋ ਜਾਂਦੀਆਂ ਹਨ। ਡਾਕਟਰ ਸਾਹਿਬ ਨੂੰ ਇਹ ਨਿਸ਼ਚਾ ਹੋ ਚੁੱਕਾ ਸੀ ਕਿ ਅੰਮ੍ਰਿਤ ਛਕੇ ਬਿਨਾ ਗੁਰਸਿਖੀ ਨਹੀਂ ਪ੍ਰਾਪਤ ਹੋ ਸਕਦੀ ਅਤੇ ਇਸ ਦ੍ਰਿੜ੍ਹਤਾ ਨੇ ਵੈਰਾਗਮਈ ਦਸ਼ਾ ਧਾਰਨ ਕਰ ਲਈ ਸੀ।

1950 ਈਸਵੀ ਵਿਚ ਸ੍ਰੀ ਅਨੰਦਪੁਰ ਸਾਹਿਬ ਵਿਖੇ ਟਿਕੇ ਹੋਏ ਨਾਨੀ ਜੀ ਨੇ ਆਪ ਜੀ ਨੂੰ ਸੱਦਾ ਭੇਜਿਆ। ਫਾਇਰ ਸਟੋਨ ਕੰਪਨੀ ਚੋਂ ਬਣਦੀ ਛੁੱਟੀ ਲੈ ਕੇ ਆਪ ਜੀ ਬੰਬਈ ਤੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਆ ਪੁਜੇ। ਆਪ ਜੀ ਇਸ ਵੈਰਾਗੀ ਦਸ਼ਾ ਵਿਚ ਅੰਮ੍ਰਿਤ ਅਭਿਲਾਖੀਆਂ ਦੀ ਕਤਾਰ ਵਿਚ ਜਾ ਰਲੇ। ਮਾਤਾ ਪਿਤਾ ਦੇ ਉੱਚੇ-ਸੁੱਚੇ ਜੀਵਨ ਦੀ ਲਾਗ ਆਪ ਨੂੰ ਜਨਮ ਤੋਂ ਪ੍ਰਾਪਤ ਸੀ। ਪੁਰਬਲੇ ਅੰਕੁਰ ਹੁਣ ਆ ਪ੍ਰਗਟੇ ਅਤੇ ਪੰਜਾਂ ਪਿਆਰਿਆਂ ਵਲੋਂ ਅੰਮ੍ਰਿਤ ਦਾਤ ਮਿਲਣ ਸਾਰ ਹੀ ਸੁਰਤੀ ਬਿਰਤੀ ਗੁਰ ਚਰਨਾਂ ਵਿਚ ਵਿਝ ਗਈ। ਆਪ ਦਿਨੇ ਰਾਤ ਹੀ ਅੰਮ੍ਰਿਤ ਬਾਣੀ ਨਾਲ ਓਤ-ਪੋਤਿ ਹੋਏ ਰਹਿੰਦੇ। ਕੁਝ ਦਿਨ ਸ੍ਰੀ ਅਨੰਦਪੁਰ ਸਾਹਿਬ ਟਿਕ ਕੇ ਫਿਰ ਆਪ ਦੇਹਰਾਦੂਨ ਆਪਣੇ ਤਾਇਆ ਜੀ ਪਾਸ ਆ ਗਏ।

ਭਾ. ਸਾ. ਭਾ. ਰਣਧੀਰ ਸਿੰਘ ਜੀ ਨਾਲ ਮਿਲਾਪ ਅਤੇ ਯਾਦਾਂ

ਕਰਨਲ ਪਿਆਰਾ ਸਿੰਘ ਜੀ ਡਾਕਟਰ ਸਾਹਿਬ ਦੇ ਪਿਤਾ ਸੂਬੇਦਾਰ ਹਰਿਬਚਨ ਸਿੰਘ ਜੀ ਦੇ ਅਤਿ ਪਿਆਰੇ ਹਮਜੋਲੀ ਸਨ। ਦੋਵੇਂ ਇਕ ਦੂਜੇ ਨੂੰ ਵੇਖ-ਵੇਖ ਜੀਉਂਦੇ ਸਨ। ਇਨ੍ਹਾਂ ਦਿਨਾਂ ਵਿਚ ਕਰਨਲ ਸਾਹਿਬ ਦੀ ਲੜਕੀ ਦਾ ਮਨਸੂਰੀ ਤੋਂ ਟੈਲੀਫੋਨ ਆਇਆ ਕਿ ਸਤਿਕਾਰਯੋਗ ਭਾ: ਸਾ: ਭਾ: ਰਣਧੀਰ ਸਿੰਘ ਜੀ ਨੂੰ ਅਲੀਚੀਆਂ ਦੀ ਟੋਕਰੀ ਭੇਜਣੀ ਹੈ। ਇਸ ਲਈ ਕਾਕੇ ਸੁਰਿੰਦਰ ਸਿੰਘ ਨੂੰ ਭੇਜ ਦਿਉ ਤਾਂਕਿ ਅਲੀਚੀਆਂ ਉਹਨਾਂ ਦੇ ਹਥੀਂ ਭਾਈ ਸਾਹਿਬ ਜੀ ਨੂੰ ਕੁਮਾਰਹੱਟੀ ਭੇਜੀਆਂ ਜਾ ਸਕਣ। ਟੈਲੀਫੋਨ-ਸੰਦੇਸ਼ ਮਿਲਣ ਸਾਰ ਡਾਕਟਰ ਸਾਹਿਬ ਮਨਸੂਰੀ ਪੁਜ ਗਏ। ਕਰਨਲ ਪਿਆਰਾ ਸਿੰਘ ਜੀ ਆਪਣੀ ਬੱਚੀ ਪਾਸ ਹੀ ਟਿਕੇ ਹੋਏ ਸਨ। ਉਹਨਾਂ ਨੇ ਡਾਕਟਰ ਸਾਹਿਬ ਨੂੰ ਕੁਮਾਰਹੱਟੀ ਦੇ ਰਸਤੇ ਆਦਿ ਬਾਰੇ ਪੂਰੀ ਤਰ੍ਹਾਂ ਸਮਝਾ ਦਿੱਤਾ। ਦੂਜੇ ਦਿਨ ਅੰਮ੍ਰਿਤ ਵੇਲੇ ਦੇ ਨਿਤਨੇਮ ਤੋਂ ਬਾਅਦ ਡਾਕਟਰ ਸਾਹਿਬ ਨੇ ਕੁਮਾਰਹੱਟੀ ਲਈ ਕਮਰਕੱਸੇ ਕਰ ਲਏ। ਪਰ ਡਾਕਟਰ ਸਾਹਿਬ ਨੂੰ ਇਹ ਕੀ ਪਤਾ ਸੀ ਕਿ ਇਹੋ ਪਿਆਰ ਰੂਪੀ ਤੋਹਫਾ ਉਹਨਾਂ ਦੀ ਆਤਮਿਕ ਅਵਸਥਾ ਤੇ ਸੋਨੇ ਤੇ ਸੁਹਾਗੇ ਵਾਲਾ ਕੰਮ ਕਰੇਗਾ। ਵਾਹਿਗੁਰੂ-ਵਾਹਿਗੁਰੂ ਕਰਦਿਆਂ ਜਿਉਂ-ਜਿਉਂ ਸਫਰ ਲਾਗੇ ਆ ਰਿਹਾ ਸੀ, ਡਾਕਟਰ ਸਾਹਿਬ ਦੇ ਅੰਦਰੋ-ਅੰਦਰ ਕੋਈ ਖਿੱਚ ਵਧਦੀ ਜਾ ਰਹੀ ਸੀ। ਇਸ ਤੋਂ ਪਹਿਲਾਂ ਆਪ ਜੀ ਕਦੇ ਵੀ ਭਾਈ ਸਾਹਿਬ ਜੀ ਦੇ ਦਰਸ਼ਨ ਨਹੀਂ ਸਨ ਕੀਤੇ। ਸੁਣਿਆ ਤਾਂ ਭਾਵੇਂ ਬਹੁਤ ਕੁਝ ਸੀ, ਪਰ ਦਰਸ਼ਨ ਪਰਸਨ ਦਾ ਸੰਜੋਗ ਹੁਣ ਬਣਿਆ ਸੀ। ਕੁਮਾਰਹੱਟੀ ਸਟੇਸ਼ਨ ਤੋਂ ਅਲੀਚੀਆਂ ਦੀ ਟੋਕਰੀ ਸਿਰ ਤੇ ਚੁਕ ਕੇ ਆਪ ਜੀ ਰਵਾਂ-ਰਵੀਂ ਕਰਨਲ ਸਾਹਿਬ ਦੇ ਸਮਝਾਏ ਰਸਤੇ ਅਨੁਸਾਰ ਭਾਈ ਸਾਹਿਬ ਜੀ ਦੇ ਅਸਥਾਨ ਵਲ ਚਲ ਪਏ। ਇੰਜ ਜਾਪਦਾ ਸੀ ਜਿਵੇਂ ਕੋਈ ਉਨ੍ਹਾਂ ਨੂੰ ਗਾਇਡ ਕਰ ਰਿਹਾ ਸੀ।

ਭਾਈ ਸਾਹਿਬ ਜੀ ਦੀ ਅਲੌਕਿਕ ਮਿਲਣੀ ਬਾਰੇ ਡਾਕਟਰ ਸਾਹਿਬ ਆਪਣੀ ਜ਼ੁਬਾਨੀ ਕਈ ਵਰਾ ਦੱਸਿਆ ਕਰਦੇ ਸਨ। ਇਹ ਵਾਰਤਾ ਦੱਸਣ ਸਮੇਂ ਆਪ ਦੀਆਂ ਅੱਖਾਂ ਚੋਂ ਹੰਝੂ ਡਿਗਣ ਲਗ ਪੈਂਦੇ ਸਨ ਅਤੇ ਉਨ੍ਹਾਂ ਨੂੰ ਛੁਪਾਉਣ ਖ਼ਾਤਰ ਆਪ ਉਠ ਕੇ ਤੁਰ ਜਾਂਦੇ ਸਨ। ਭਾਈ ਸਾਹਿਬ ਜੀ ਦੇ ਤਪੋ ਅਸਥਾਨ ਤੇ ਆਪ ਪੁਜੇ ਤਾਂ ਸਾਹਮਣੇ ਭਾਈ ਸਾਹਿਬ ਜੀ ਦੀ ਬੱਚੀ ਬੀਬੀ ਦਲੇਰ ਕੌਰ ਜੀ ਖੜੇ ਸਨ। ਡਾਕਟਰ ਸਾਹਿਬ ਨੇ ਬੀਬੀ ਜੀ ਨੂੰ ਦੱਸਿਆ ਕਿ ਉਹਨਾਂ ਨੂੰ ਕਰਨਲ ਪਿਆਰਾ ਸਿੰਘ ਜੀ ਨੇ ਮਨਸੂਰੀ ਤੋਂ ਭੇਜਿਆ ਹੈ। ਭਾਈ ਸਾਹਿਬ ਜੀ ਬਾਰੇ ਪੁੱਛ ਕੀਤੀ ਤਾਂ ਬੀਬੀ ਜੀ ਨੇ ਗੁਰਦੁਆਰੇ ਸਾਹਿਬ ਵਲ ਇਸ਼ਾਰਾ ਕੀਤਾ। ਡਾਕਟਰ ਸਾਹਿਬ ਅੰਦਰ ਪੁਜੇ ਤਾਂ ਕੀ ਦੇਖਦੇ ਹਨ ਕਿ ਇਕ ਸਿੰਘ ਜੋੜੀ ਵਜਾ

ਰਿਹਾ ਹੈ ਅਤੇ ਭਾਈ ਸਾਹਿਬ ਜੀ ਵਾਜੇ ਅੱਗੇ ਸਜੇ ਹੋਏ ਉੱਚੀਆਂ ਸੁਰਾਂ ਵਿਚ ਮਸਤ ਹਨ। ਸਰੀਰ ਕਰਕੇ ਭਾਵੇਂ ਕੋਈ ਸਰੋਤਾ ਦਿਖਾਈ ਨਹੀਂ ਸੀ ਦਿੰਦਾ, ਪਰ ਇੰਜ ਜਾਪਦਾ ਸੀ ਜਿਵੇਂ ਬੇਅੰਤ ਸਰੋਤਾ-ਗਣ ਸਮਾਧੀ-ਸਥਿਤ ਕੀਰਤਨ ਨਾਲ ਜੁੜੇ ਹੋਣ। ਕੀਰਤਨ ਦੇ ਭੋਗ ਤੋਂ ਬਾਅਦ ਸੋਦਰ ਰਹਰਾਸਿ ਸਾਹਿਬ ਦੇ ਪਾਠ ਹੋਏ। ਅਰਦਾਸ ਤੇ ਹੁਕਮਨਾਮੇ ਪਿਛੋਂ ਸੁਖਆਸਣ ਹੋਇਆ ਤਾਂ ਭਾਈ ਸਾਹਿਬ ਜੀ ਬਿਰਾਜਣ ਲਈ ਕਮਰੇ ਵਲ ਤੁਰ ਪਏ। ਇਹੋ ਜਿਹੀ ਰੰਗ ਰੰਗੀਲੀ ਦਸ਼ਾ ਵਿਚ ਮਸਤੂਲ ਮਸਤ ਭਾਈ ਸਾਹਿਬ ਜੀ ਨੂੰ ਬੀਬੀ ਦਲੇਰ ਕੌਰ ਜੀ ਨੇ ਜਾ ਦੱਸਿਆ ਕਿ ਕਰਨਲ ਸਾਹਿਬ ਨੇ ਆਪ ਲਈ ਅਲੀਚੀਆਂ ਦੀ ਟੋਕਰੀ ਭੇਜੀ ਹੈ। ਭਾਈ ਸਾਹਿਬ ਜੀ ਦੇ ਪੁੱਛਣ ਤੇ ਕਿ ''ਕੌਣ ਲੈ ਕੇ ਆਇਆ ਹੈ?'' ਬੀਬੀ ਜੀ ਨੇ ਦੱਸਿਆ, ''ਸੂਬੇਦਾਰ ਹਰਿਬਚਨ ਸਿੰਘ ਜੀ ਦਾ ਲੜਕਾ ਸੁਰਿੰਦਰ ਸਿੰਘ।'' ਬੀਬੀ ਜੀ ਦੀ ਇੰਨੀ ਗੱਲ ਕਹਿਣ ਦੀ ਦੇਰ ਹੀ ਸੀ ਕਿ ਭਾਈ ਸਾਹਿਬ ਨੇ ਘੁੰਮ ਕੇ ਡਾਕਟਰ ਸਾਹਿਬ ਵੱਲ ਇੰਜ ਦੇਖਿਆ, ਮਾਨੋਂ ਕੋਈ ਗਵਾਚਾ ਹੀਰਾ ਲਭ ਪਿਆ। ਭਾਈ ਸਾਹਿਬ ਜੀ ਨੇ ਆਪ ਜੀ ਨੂੰ ਆਪਣੀ ਗਲਵਕੜੀ 'ਚ ਘੁਟ ਲਿਆ ਤੇ ਘੁਟੀ ਹੀ ਜਾਣ।

ਪੂਰਬ ਜਨਮ ਕੇ ਮਿਲੇ ਸੰਜੋਗੀ ਵਾਲੀ ਪਾਰਸ ਕਲਾ ਵਰਤ ਗਈ। ਭਾਈ ਸਾਹਿਬ ਜੀ, ਡਾਕਟਰ ਸਾਹਿਬ ਨੂੰ ਗਲਵਕੜੀ ਚੋਂ ਛੱਡਣ ਹੀ ਨਾ। ਗੁਰਮੁਖ ਸੰਜੋਗੀਆਂ ਦੀਆਂ ਅਖੜੀਆਂ ਨੀਰੋ-ਨੀਰ ਵਹਿ ਤੁਰੀਆਂ। ਆਪਣੇ ਅਤਿ ਪਿਆਰੇ ਸੰਜੋਗੀ ਵੀਰ ਹਰਿਬਚਨ ਸਿੰਘ ਜੀ ਦੀ ਆਤਮਾ ਇਸ ਹੋਣਹਾਰ ਸੁਰਿੰਦਰ ਸਿੰਘ ਵਿਚੋਂ ਝਲਕਾਂ ਮਾਰਦੀ ਦਿਸ ਰਹੀ ਸੀ ਤਾਂ ਭਾਈ ਸਾਹਿਬ ਜੀ ਕਹਿਣ ਲੱਗੇ, ਅੱਜ ਤੂੰ ਚਿਰੀਂ ਵਿਛੁੰਨੇ ਹੋਏ ਪਿਆਰਨਾ ਪਿਆਰ ਵਾਲੇ ਮੇਰੇ ਵੀਰ ਹਰਿਬਚਨ ਸਿੰਘ ਦੀ ਯਾਦ ਤਾਜ਼ਾ ਕਰਾ ਦਿੱਤੀ ਹੈ।

ਦੂਜੇ ਦਿਨ ਡਾਕਟਰ ਸਾਹਿਬ ਨੇ ਭਾਈ ਸਾਹਿਬ ਤੋਂ ਵਾਪਸੀ ਦੀ ਆਗਿਆ ਮੰਗੀ। ਜਾਣ ਦੀ ਆਗਿਆ ਕੀ ਦੇਣੀ ਸੀ, ਭਾਈ ਸਾਹਿਬ ਜੀ ਨੇ ਡਾਕਟਰ ਸਾਹਿਬ ਦਾ ਹੱਥ ਘੁਟ ਕੇ ਫੜ ਲਿਆ ਅਤੇ ਅਣਿਆਲੇ ਬਾਣਾਂ ਵਾਂਗ ਤਕਣੀ ਸੁਟ ਕੇ ਕਹਿਣ ਲੱਗੇ ''ਮੈਨੂੰ ਛੱਡ ਕੇ ਚਲਾ ਜਾਵੇਂਗਾ! ਮੈਂ ਨਹੀਂ ਜਾਣ ਦੇਣਾ, ਮੈਂ ਤਾਂ ਜੀਂਦਾ ਹੀ ਤੁਹਾਡੇ ਆਸਰੇ ਹਾਂ।'' ਇਤਨਾ ਕਹਿ ਕੇ ਭਾਈ ਸਾਹਿਬ ਫਿਰ ਵੈਰਾਗ ਵਿਚ ਆ ਗਏ। ਆਗਿਆ ਕੀ ਮਿਲਣੀ ਸੀ, ਸਗੋਂ ਡਾਕਟਰ ਸਾਹਿਬ ਆਪ ਵੀ ਵੈਰਾਗ ਵਿਚ ਆ ਗਏ।

ਤੀਜੇ ਦਿਨ ਫਿਰ ਡਾਕਟਰ ਸਾਹਿਬ ਨੇ ਵਾਪਸੀ ਦੀ ਆਗਿਆ ਮੰਗੀ ਤਾਂ ਭਾਈ ਸਾਹਿਬ ਜੀ ਫਿਰ ਵੈਰਾਗ ਵਿਚ ਆ ਗਏ ਅਤੇ ਕਹਿਣ ਲੱਗੇ, ਮੈਂ ਅੱਜ ਨਹੀਂ ਜਾਣ

ਦੇਣਾ। ਡਾਕਟਰ ਸਾਹਿਬ ਫਿਰ ਰੁਕ ਗਏ। ਸਾਰਾ ਦਿਨ ਡਾਕਟਰ ਸਾਹਿਬ ਦੇਖਦੇ ਰਹੇ ਕਿ ਜਦੋਂ ਭਾਈ ਸਾਹਿਬ ਇਸ ਵੈਰਾਗੀ ਅਵਸਥਾ ਤੋਂ ਥੱਲੇ ਆਉਣ ਤਾਂ ਮੈਂ ਜਾਣ ਦੀ ਆਗਿਆ ਲਈ ਜੋਦੜੀ ਕਰਾਂ। ਪਰ ਭਾਈ ਸਾਹਿਬ ਜੀ ਤਾਂ ਚਵੀਂ ਘੰਟੇ ਹੀ ਵੈਰਾਗੀ ਰਹਿੰਦੇ ਸਨ। ਅੰਤ ਨੂੰ ਡਾਕਟਰ ਸਾਹਿਬ ਨੇ ਬੀਬੀ ਦਲੇਰ ਕੌਰ ਜੀ ਨੂੰ ਬੇਨਤੀ ਕੀਤੀ ਕਿ ਮੈਨੂੰ ਵਾਪਸ ਦੇਹਰਾਦੂਨ ਜਾਣ ਦੀ ਪ੍ਰਵਾਨਗੀ ਲੈ ਕੇ ਦੇਵੋ। ਬੀਬੀ ਜੀ ਬਾਪੂ ਜੀ ਪਾਸ ਗਏ ਅਤੇ ਕਹਿਣ ਲਗੇ, ''ਬਾਪੂ ਜੀ, ਕਾਕਾ ਵਾਪਸ ਦੇਹਰਾਦੂਨ ਜਾਣ ਦੀ ਆਗਿਆ ਚਾਹੁੰਦਾ ਹੈ'' ਭਾਈ ਸਾਹਿਬ ਕਹਿਣ ਲਗੇ, ''ਕਾਕਾ ਕਿਥੇ ਹੈ?'' ਬੀਬੀ ਜੀ-ਬਾਹਰ ਖੜਾ ਹੈ ਜੀ, ਭਾਈ ਸਾਹਿਬ ਜੀ ਬੁਲਾਉਣਾ। ''ਕਿਉਂ ਕਾਕਾ ਸੁਰਿੰਦਰ ਸਿੰਘ, ਤੂੰ ਜ਼ਰੂਰ ਹੀ ਚਲੇ ਜਾਣਾ ਹੈ'', ਡਾਕਟਰ ਸਾਹਿਬ-ਜਾਣ ਨੂੰ ਦਿਲ ਤਾਂ ਨਹੀਂ ਕਰਦਾ, ਪਰ ਨੌਕਰੀ ਤੇ ਵਾਪਸ ਵੀ ਜਾਣਾ ਹੈ। ਭਾਈ ਸਾਹਿਬ ਜੀ - ਜੇ ਜ਼ਰੂਰੀ ਹੀ ਜਾਣਾ ਹੈ ਤਾਂ ਜਾਉ। ਕਈ ਪ੍ਰਕਾਰ ਦੀਆਂ ਅਸੀਸਾਂ ਦੇਣ ਪਿਛੋਂ ਕਹਿਣ ਲੱਗੇ, ਕਰਨਲ ਪਿਆਰਾ ਸਿੰਘ ਜੀ ਨੂੰ ਕਹਿਣਾ ਕਿ ਮੈਨੂੰ ਤੁਹਾਡੀਆਂ ਭੇਜੀਆਂ ਅਲੀਚੀਆਂ ਦੀ ਖੁਸ਼ੀ ਨਾਲੋਂ ਵੀ ਬਹੁਤੀ ਖੁਸ਼ੀ ਅਲੀਚੀਆਂ ਲਿਆਉਣ ਵਾਲੇ ਨੂੰ ਮਿਲ ਕੇ ਹੋਈ ਹੈ।

ਡਾਕਟਰ ਸਾਹਿਬ ਨੂੰ ਆਗਿਆ ਤਾਂ ਮਿਲ ਗਈ, ਸਟੇਸ਼ਨ ਨੂੰ ਤੁਰ ਵੀ ਪਏ, ਪਰ ਅੰਦਰਲਾ ਪਿਛੇ ਹੀ ਰਿਹਾ। ਪਿੱਠ ਘੁੰਮਾ ਕੇ ਕਈ ਵੇਰ ਪਿਛੇ ਦੇਖਦੇ ਤੇ ਫਿਰ ਤੁਰ ਪੈਂਦੇ। ਇਹ ਮਿਲਾਪ ਦੀਆਂ ਘੜੀਆਂ ਇਹਨਾਂ ਪੈਂਡਿਆਂ ਨਾਲ ਥੋੜੀ ਮੁਕਦੀਆਂ ਹਨ। ਦਿਲ ਮਿਲਣ ਦੀਆਂ ਬਾਤਾਂ ਉਹੋ ਹੀ ਜਾਣਦਾ ਹੈ, ਜਿਹੜਾ ਅਸਲ ਮਿਲਿਆ ਹੋਇਆ ਹੋਵੇ। ਜਦੋਂ ਕਦੀ ਡਾਕਟਰ ਸਾਹਿਬ ਪ੍ਰੇਮ ਮਿਲਾਪ ਦੀ ਇਹ ਕਥਾ ਦੱਸਿਆ ਕਰਦੇ ਸਨ ਤਾਂ ਅਖੀਰ 'ਚ ਕਿਹਾ ਕਰਦੇ ਸਨ ਕਿ ਭਾਈ ਸਾਹਿਬ ਜੀ ਪਾਸੋਂ ਵਿਛੜਨਾ ਬਹੁਤ ਔਖਾ ਸੀ। ਕੋਈ ਹਿੰਮਤ ਵਾਲਾ ਬੰਦਾ ਹੀ ਭਾਈ ਸਾਹਿਬ ਜੀ ਨੂੰ ਮਿਲ ਕੇ ਵਿਛੜ ਸਕਦਾ ਸੀ।

ਭਾਵੇਂ ਸਰੀਰਕ ਤੌਰ ਤੇ ਡਾਕਟਰ ਸਾਹਿਬ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਤੋਂ ਸੈਂਕੜੇ ਕੋਹਾਂ ਤੇ ਚਲੇ ਗਏ ਸਨ, ਪਰ ਮਾਨਸਿਕ ਤੌਰ ਤੇ ਉਨ੍ਹਾਂ ਦਾ ਅੰਦਰਲਾ ਅੱਠੇ ਪਹਿਰ ਭਾਈ ਸਾਹਿਬ ਜੀ ਦੇ ਸੰਗ ਸਾਥ ਹੀ ਅਨੰਦ ਮਾਣਦਾ ਰਹਿੰਦਾ। ਕੁਮਾਰਹੱਟੀ ਦੀ ਪ੍ਰੇਮ ਮਿਲਣੀ ਬੰਬੇ ਵਿਚਰਦੇ ਡਾਕਟਰ ਸਾਹਿਬ ਨੂੰ ਮੁੜ-ਮੁੜ ਟੁੰਬਦੀ ਅਤੇ ਇਹੋ ਲੋਚਦੇ ਕਿ ਜਿਵੇਂ ਕਿਵੇਂ ਹੋਵੇ, ਭਾਈ ਸਾਹਿਬ ਜੀ ਦੀ ਸੇਵਾ ਵਿਚ ਹੀ ਜਾ ਕੇ ਟਿਕਿਆ ਜਾਵੇ। ਇਸ ਵੈਰਾਗੀ ਦਸ਼ਾ ਨੇ ਆਪ ਨੂੰ ਸਰਵਿਸ ਤੋਂ ਤਿਆਗ ਪੱਤਰ ਦੇਣ ਲਈ ਮਜਬੂਰ ਕਰ ਦਿੱਤਾ। ਉਨ੍ਹਾਂ ਦੇ ਅੰਦਰ ਕਾਹਲੀਆਂ ਪੈਂਦੀਆਂ ਕਿ ਕਿਹੜਾ ਵੇਲਾ ਹੋਵੇ ਜੋ ਧੰਧ ਬੰਧ ਤੋਂ

ਵਿਰੱਕਤ ਹੋ ਕੇ ਭਾਈ ਸਾਹਿਬ ਜੀ ਦੀ ਵੱਡਮੁਲੀ ਸੰਗਤ ਦਾ ਅਨੰਦ ਮਾਣ ਸਕੀਏ। ਇਨ੍ਹਾਂ ਪ੍ਰੇਮ ਕਾਂਗਾਂ ਦੀ ਖਿੱਚ ਨੇ ਲੁਧਿਆਣੇ ਵਿਚ ਰੰਗ ਰਸ ਮਾਣ ਰਹੇ ਭਾਈ ਸਾਹਿਬ ਜੀ ਨੂੰ ਜਾ ਟੁੰਬਿਆ। ਡਾਕਟਰ ਸਾਹਿਬ ਦੀ ਸਾਰੀ ਵਾਇਰਲੈਸ ਉਨ੍ਹਾਂ ਦੇ ਪ੍ਰਤੱਖ ਹੋ ਗਈ। ਭਾਈ ਸਾਹਿਬ ਜੀ ਨੇ ਬੰਬਈ ਰਹਿ ਰਹੇ ਸਿੰਘਾਂ ਨੂੰ ਲਿਖਿਆ ਕਿ ਉਹ ਸੁਰਿੰਦਰ ਸਿੰਘ ਨੂੰ ਨੌਕਰੀ ਨਾ ਛੱਡਣ ਵਾਸਤੇ ਕਹਿਣ ਅਤੇ ਪਿਆਰ ਨਾਲ ਉਸਦਾ ਦਿਲ ਲਾਉਣ ਵਿਚ ਮਦਦ ਕਰਨ। ਪਰ ਇਧਰ ਵੈਰਾਗੀ ਨੂੰ ਕੌਣ ਹੋੜੇ! ਸਿੰਘਾਂ ਦੇ ਸਮਝਾਂਦਿਆਂ-ਬੁਝਾਂਦਿਆਂ ਵੀ ਡਾਕਟਰ ਸਾਹਿਬ ਨੇ ਆਪਣਾ ਅਸਤੀਫਾ ਦੇ ਦਿੱਤਾ ਅਤੇ ਪੰਜਾਬ ਨੂੰ ਚਾਲੇ ਪਾ ਦਿੱਤੇ।

ਆਪ ਜੀ ਸਿਧੇ ਭਾਈ ਸਾਹਿਬ ਜੀ ਪਾਸ ਲੁਧਿਆਣੇ ਆਏ ਅਤੇ ਇਥੇ ਹੀ ਕੁਝ ਸਮਾਂ ਰੁਕੇ। ਇਥੇ ਰੁਕੇ ਕੀ, ਬੱਸ ਐਸੇ ਜੁੜੇ, ਕਿ ਜੁੜ ਕੇ ਇਕ ਮਿਕ ਹੋ ਗਏ। ਗੁਰਮਤਿ ਇਕ, ਆਸ਼ਾ ਇਕ, ਇਸ਼ਟ ਉਪਾਸ਼ਨਾ ਇਕ, ਇਕੋ ਹੀ ਮਾਰਗ ਦੇ ਪਾਂਧੀ, ਇਕੋ ਹੀ ਇਸ਼ਕ ਹਕੀਕੀ ਦੇ ਆਸ਼ਕ, ਕੈਸੇ ਇਕੱਠੇ ਹੋਏ, ਕੈਸੇ ਅਗੰਮੀ ਮੇਲ ਮਿਲਾਉਣੀ ਵਿਚ ਮਿਲੇ ਕਿ ਬੱਸ ਫਿਰ ਮਿਲੇ ਹੀ ਰਹੇ। ਡਾਕਟਰ ਸਾਹਿਬ ਨੇ ਐਸੀ ਪੀਡੀ ਗੰਢ ਪਾਈ ਕਿ ਸਦਾ ਹੀ ਭਾਈ ਸਾਹਿਬ ਜੀ ਦੇ ਸੰਗ ਰਹੇ। ਇਸ ਤੋਂ ਬਾਅਦ ਜਿਤਨੇ ਵੀ ਸਤਸੰਗ ਸਮਾਗਮ ਜੁੜੇ, ਤਿਨ੍ਹਾਂ ਵਿਚ ਡਾਕਟਰ ਸਾਹਿਬ ਖਾਸ ਸਮਾਗਮੀਆਂ ਵਿਚੋਂ ਇਕ ਹੁੰਦੇ। ਜੁਬਾ ਅਵਸਥਾ, ਦਗ-ਦਗ ਕਰਦਾ ਚਿਹਰਾ, ਅਜੇ ਦਾੜ੍ਹਾ ਮਸਾਂ ਉਤਰ ਰਿਹਾ ਸੀ, ਪਰ ਪ੍ਰੇਮ ਦਾ ਪਲੀਤਾ ਡਾਕਟਰ ਸਾਹਿਬ ਦੇ ਅੰਦਰ ਐਸਾ ਦਰਿਆ ਕਿ ਅੱਠੇ ਪਹਿਰ ਪ੍ਰੇਮ ਕਾਂਗਾਂ ਵਿਚ ਅਰਸ਼ੀ ਵਾਯੂ ਮੰਡਲ ਵਿਚ ਹੀ ਉਡਾਰੀਆਂ ਮਾਰਦੇ ਰਹਿੰਦੇ। ਸਮਾਗਮਾਂ ਅਤੇ ਭਾਈ ਸਾਹਿਬ ਜੀ ਦੀ ਸੰਗਤ ਦੀ ਰੰਗਤ ਵਿਚ ਰਹਿ ਕੇ ਘਰ ਜਾਣ ਦੀ, ਸੰਸਾਰੀ ਪ੍ਰਵਾਰ ਕੁਟੰਬ ਵਿਚ ਰਹਿਣ ਦੀ ਸੁਰਤ ਸੰਭਾਲ ਹੀ ਨਾ ਰਹੀ। ਭਾਈ ਸਾਹਿਬ ਜੀ ਦੀ ਸੰਗਤ ਦਾ ਡਾਕਟਰ ਸਾਹਿਬ ਦੇ ਜੀਵਨ ਤੇ ਐਸਾ ਰੰਗ ਚੜ੍ਹਿਆ ਕਿ ਗੁਰੂ ਦਸ਼ਮੇਸ਼ ਦ੍ਰਿੜ੍ਹਾਈ ਰਹਿਤ ਰਹਿਣੀ ਅਤੇ ਗੁਰਮਤਿ ਉਨ੍ਹਾਂ ਦੇ ਅੰਦਰ ਘਰ ਕਰ ਗਈ। ਉਨ੍ਹਾਂ ਨੇ ਜਲਦੀ ਹੀ ਸਰਬਲੋਹ ਰਹਿਤ ਅਤੇ ਸਭ ਤੱਤ ਗੁਰਮਤਿ ਅਸੂਲ ਗ੍ਰਹਿਣ ਕਰ ਲਏ। ਇਸ ਚੜ੍ਹਦੀ ਜਵਾਨੀ ਦੀ ਨਿਕੜੀ ਜਿਹੀ ਆਰਬਲਾ ਵਿਚ ਹੀ ਗੁਰਮਤਿ ਦੇ ਅਤਿ ਵਡੇਰੜੇ ਗੁਣ ਜਿਵੇਂ ਅਜਲ ਤੋਂ ਹੀ ਇਹਨਾਂ ਦੀ ਕ੍ਰਾਂਤੀ ਵਿਚ ਆ ਸਮਾਏ ਸਨ। ਇਨ੍ਹਾਂ ਸਤਿਸੰਗਾਂ ਚੋਂ ਹੀ ਆਪ ਗੁਰਮਤਿ ਨਾਮ ਅਭਿਆਸ ਦੇ ਡਾਢੇ ਧਨੀ ਹੋਏ। ਆਤਮ ਕਣੀ ਤਾਂ ਇਹਨਾਂ ਦੀ ਨੰਨ੍ਹੀ ਜਿਹੀ ਜਿੰਦੜੀ ਦੇ ਰਗੋ ਰੇਸ਼ੇ ਵਿਚ ਸਮਾ ਗਈ ਸੀ। ਸਾਰਾ-ਸਾਰਾ ਦਿਨ ਲੰਗਰ ਦੀ ਸੇਵਾ ਕਰਨੀ, ਕਿੱਤੇ ਅਕਣਾ-ਥਕਣਾ ਹੀ ਨਾ। ਭਾਈ ਸਾਹਿਬ ਜੀ ਪਾਸ ਰਹਿੰਦਿਆਂ ਇਹਨਾਂ ਦਾ ਰਹਿਣ ਬਿਲਕੁਲ ਅਲੌਕਿਕ ਸੀ। ਕਿਸੇ ਨਾਲ ਕੋਈ ਗੱਲ ਨਹੀਂ, ਵਾਦ ਵਿਵਾਦ ਨਹੀਂ

ਅਤੇ ਨਾ ਹੀ ਕਿਸੇ ਨਾਲ ਕੋਈ ਵਾਸਤਾ ਸੀ। ਕੇਵਲ ਇਕੋ ਲਿਵ ਪ੍ਰਮਾਰਥਕ ਪ੍ਰੇਮ ਦੀ ਹਰਦਮ ਲਗੀ ਰਹਿੰਦੀ।

ਇਥੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਪਾਸ ਟਿਕੇ ਹੋਇਆਂ ਡਾਕਟਰ ਸੁਰਿੰਦਰ ਸਿੰਘ ਜੀ ਨੂੰ ਐਸੇ ਰੰਗ ਚਲੂਲੇ ਚੜ੍ਹੇ ਕਿ ਮਸਤਕ ਦੀ ਝਾਲ ਝੱਲੀ ਨਾ ਜਾਵੇ। ਸੁੰਦਰ ਸਜੀਲਾ ਚੇਹਰਾ ਭਾਈ ਸਾਹਿਬ ਜੀ ਦੀ ਅੰਮ੍ਰਿਤ ਕਲਾਵੀ ਸੰਗਤ ਵਿਚ ਅਤਿਅੰਤ ਰੰਗੀਲਾ ਹੋ ਗਿਆ। ਇਥੇ ਲੋਕਲ ਸਮਾਗਮਾਂ ਵਿਚ ਅਨੋਖੀ ਅਤੇ ਅਲੌਕਿਕ ਲੈਅ ਵਿਚ ਆਪ ਨੇ ਕੀਰਤਨ ਕਰਨਾ, ਅਤੇ ਹਿਰਦੇ ਵਿਚੋਂ ਨਿਕਲੇ ਕੀਰਤਨ ਰੂਪੀ ਬਾਣ, ਅਨੇਕਾਂ ਸਤਸੰਗੀਆਂ ਨੂੰ ਬੇਧ ਜਾਇਆ ਕਰਨ। ਦਾਸਨ ਦਾਸ ਹੋਇ ਕੈ ਸੰਗਤ ਦੀ ਰੇਣੁਕਾ ਹੋਣ ਦਾ ਚਾਉ ਹੀ ਇਨ੍ਹਾਂ ਦੇ ਹਿਰਦੇ ਵਿਚ ਭਰਿਆ ਰਿਹਾ। ਨਾਮ ਦੇ ਚਲੂਲੇ ਰੰਗਾਂ ਵਿਚ ਮਖਸੂਰ ਹੋਈਆਂ ਅੱਖੀਆਂ ਅੱਠੋ ਪਹਿਰ ਅਦਰਿਸ਼ਟ ਰੰਗਾਂ ਵਿਚ ਰੰਗੀਜੀਆਂ ਰਹਿਣ ਮਾਨੋਂ ਦਰਿਸ਼ਟਮਾਨ ਵਿਚ ਦੇਖਦੀਆਂ ਹੀ ਨਹੀਂ। ਖਾਣ ਪੀਣ ਤੱਕ ਦੀ ਸੁਧ-ਬੁਧ ਭੁਲ ਗਈ, ਪੁਸ਼ਾਕੇ ਸਜਾਉਣ ਦੀਆਂ ਸਾਰੀਆਂ ਸ਼ੁਕੀਨੀਆਂ ਵਿਸਰ ਗਈਆਂ, ਗੁਰਮੁਖੀ ਬਾਣਾ ਹੀ ਸੱਜਿਆ ਰਹੇ। ਤੇੜ ਕਛਹਿਰਾ, ਗਲ ਸਾਦੀ ਜਿਹੀ ਖਦਰ ਦੀ ਕਮੀਜ਼, ਉਪਰ ਗਾਤਰੇ ਵਾਲੀ ਕਿਰਪਾਨ, ਸੀਸ ਤੇ ਗੁਰਮੁਖੀ ਦਸਤਾਰਾ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦਾ ਆਪ ਜੀ ਦੇ ਮਨ ਵਿਚ ਏਨਾ ਸਤਿਕਾਰ ਸੀ ਕਿ ਜੇ ਕਿਸੇ ਸੱਜਣ ਨੂੰ ਭਾਈ ਸਾਹਿਬ ਜੀ ਦੀ ਸ਼ਖਸੀਅਤ ਜਾਂ ਲਿਖਤਾਂ ਦੇ ਵਿਰੁੱਧ ਮਾੜਾ ਬੋਲਦੇ ਸੁਣ ਲੈਂਦੇ ਤਾਂ ਉਸ ਨਾਲ ਬਚਨ ਕਰਨ ਦੀ ਗੱਲ ਤਾਂ ਕਿਥੇ ਰਹੀ, ਉਸ ਦਾ ਪ੍ਰਛਾਵਾਂ ਤੱਕ ਲੈਣ ਤੋਂ ਵੀ ਦੂਰ ਰਹਿੰਦੇ। ਜਦੋਂ ਭਾਈ ਸਾਹਿਬ ਜੀ ਆਖਰੀ ਵਰ੍ਹਿਆਂ ਵਿਚ ਸਰੀਰ ਕਰਕੇ ਕੁਝ ਖੇਦ ਵਿਚ ਸਨ ਤਾਂ ਡਾਕਟਰ ਸਾਹਿਬ ਨੇ ਨਿਤ ਸਵੇਰੇ ਸ਼ਾਮ ਭਾਈ ਸਾਹਿਬ ਜੀ ਦੀ ਖਬਰ-ਸੁਰਤ ਨੂੰ ਜਾਣਾ। ਦੱਸਿਆ ਜਾਂਦਾ ਹੈ ਕਿ ਆਪ ਜੀ ਨੇ ਮਲਕੜੇ ਜਿਹੇ ਭਾਈ ਸਾਹਿਬ ਜੀ ਦੇ ਅਰਾਮ ਕਮਰੇ ਦੇ ਬਾਹਰ ਉਨ੍ਹਾਂ ਚਿਰ ਹੱਥ ਜੋੜ, ਨੀਵੀਂ ਪਾ ਰੁਕੇ ਰਹਿਣਾ, ਜਦ ਤੱਕ ਕਿ ਭਾਈ ਸਾਹਿਬ ਜੀ ਆਪ ਮੁਹਾਰੇ ਹੀ ਆਪ ਜੀ ਨੂੰ ਅਵਾਜ਼ਾਂ ਨਹੀਂ ਸਨ ਮਾਰਦੇ। ਅਵਾਜ਼ ਸੁਣ ਕੇ ਭਾਈ ਸਾਹਿਬ ਜੀ ਪਾਸ ਪੁਜਣਾ, ਬਚਨ ਕੋਈ ਨਾ ਕਰਨਾ ਅਤੇ ਕੁਝ ਸਮੇਂ ਬਾਅਦ ਵੈਰਾਗੀ ਅਵਸਥਾ ਵਿਚ ਹੀ ਬਾਹਰ ਆ ਜਾਣਾ। ਸਤਿਗੁਰ ਜਾਣਨ ਅੰਤਰ ਆਤਮੇ ਮਿਲੇ ਹੋਏ ਦਿਲਾਂ ਦੀਆਂ ਕੀ ਗੱਲਾਂ ਸਨ। ਜਦੋਂ ਡਾਕਟਰ ਸਾਹਿਬ ਨੇ ਚਲੇ ਜਾਣਾ ਤਾਂ ਭਾਈ ਸਾਹਿਬ ਜੀ ਨੇ ਕਈ ਵੇਰਾਂ ਕਹਿਣਾ ਕਿ ਅਸਲੀ ਪਤਾ ਤਾਂ ਮੇਰਾ ਸੁਰਿੰਦਰ ਸਿੰਘ ਹੀ ਲੈਣ ਆਉਂਦਾ ਹੈ।

ਵਿਆਹ ਬਾਰੇ

ਡਾਕਟਰ ਸਾਹਿਬ ਬਚਪਨ ਤੋਂ ਹੀ ਬ੍ਰਹਮ ਜਤੀ ਸਨ। ਜਦੋਂ ਵੀ ਕਿਸੇ ਨੇ ਆਪ ਜੀ ਨੂੰ ਵਿਆਹ ਕਰਾਉਣ ਹਿੱਤ ਕਹਿਣਾ ਤਾ ਆਪ ਜੀ ਨੇ ਟਾਲ-ਮਟੋਲ ਕਰ ਛੱਡਣਾ। ਇਕੇਰਾਂ ਕਰਨਲ ਸਾਹਿਬ ਨੇ ਆਪਣੀ ਪੋਤਰੀ ਦੇ ਰਿਸ਼ਤੇ ਬਾਰੇ ਡਾਕਟਰ ਸਾਹਿਬ ਨਾਲ ਵਿਚਾਰ ਕੀਤੀ। ਡਾਕਟਰ ਸਾਹਿਬ ਬੜੇ ਭੋਲੇ ਭਾਲੇ ਸਨ। ਜਵਾਬ ਤਾਂ ਭਾਵੇਂ ਨਾ ਦਿੱਤਾ, ਪਰ ਬਾਅਦ ਵਿਚ ਗੱਲ ਨਿਕਲੀ ਕਿ ਲੜਕੀ ਦੀ ਮਾਤਾ ਡਾਕਟਰ ਸਾਹਿਬ ਨੂੰ ਦਾੜ੍ਹਾ ਬੰਨ੍ਹਣ ਲਈ ਕਹਿ ਰਹੀ ਹੈ। ਬੱਸ ਫਿਰ ਕੀ ਸੀ, ਡਾਕਟਰ ਸਾਹਿਬ ਨੇ ਦਾੜ੍ਹਾ ਕੱਸਣਾ ਹਰਗਿਜ਼ ਪ੍ਰਵਾਨ ਨਾ ਕੀਤਾ ਅਤੇ ਆਪਣੀ ਅਸਹਿਮਤੀ ਪ੍ਰਗਟ ਕਰ ਦਿੱਤੀ।

ਆਪ ਨੇ ਵਿਆਹ ਦਾ ਵਿਚਾਰ ਹੀ ਛੱਡ ਦਿੱਤਾ। ਮੁੜ ਕਦੀ ਵਿਆਹ ਕਰਾਉਣ ਦਾ ਵਿਚਾਰ ਜ਼ਿੰਦਗੀ ਭਰ ਨਹੀਂ ਲਿਆਂਦਾ। ਜਦੋਂ ਆਪ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਪਾਸ ਟਿਕੇ ਹੋਏ ਸਨ ਤਾਂ ਉਥੇ ਹੀ ਦੋਹਾਂ ਭੈਣਾਂ ਹਰਜੀਤ ਕੌਰ ਅਤੇ ਮੋਹਿੰਦਰ ਕੌਰ ਨੇ ਭਾਈ ਸਾਹਿਬ ਪਾਸ ਬਿਨੈ ਕੀਤੀ ਕਿ ਵੀਰ ਜੀ ਨੂੰ ਤੁਸੀਂ ਕਹੋ ਕਿ ਵਿਆਹ ਕਰਵਾ ਲੈਣ। ਜਾਂ ਆਪ ਜੀ ਹੀ ਕਿਸੇ ਗੁਰਮੁਖ, ਗੁਰਸਿਖ ਪਰਿਵਾਰ ਦੀ ਬੱਚੀ ਨਾਲ ਇਹਨਾਂ ਦਾ ਅਨੰਦ ਕਾਰਜ ਕਰਵਾ ਦੇਵੋ। ਭਾਈ ਸਾਹਿਬ ਜੀ ਇਸ ਸਮੇਂ ਲੁਧਿਆਣੇ ਵਿਚ ਆਪਣੇ ਕਮਰੇ ਵਿਚ ਪਲੰਘ ਤੇ ਬਿਰਾਜਮਾਨ ਸਨ ਅਤੇ ਡਾਕਟਰ ਸਾਹਿਬ ਫਰਸ਼ ਤੇ ਵਿਛੀ ਦਰੀ ਤੇ ਬੈਠੇ ਹੋਏ ਸਨ। ਉਦੋਂ ਭਾਈ ਸਾਹਿਬ ਜੀ ਦਾ ਹੇਠ ਲਿਖਿਆ ਬਚਨ ਬਿਲਾਸ ਡਾਕਟਰ ਸਾਹਿਬ ਨਾਲ ਹੋਇਆ :-

ਭਾਈ ਸਾਹਿਬ ਜੀ - ਇਹ ਬੀਬੀ ਕੀ ਕਹਿੰਦੀ ਏ?
ਡਾਕਟਰ ਸਾਹਿਬ - ਮੈਂ ਇਦਾਂ ਹੀ ਠੀਕ ਹਾਂ।
ਭਾਈ ਸਾਹਿਬ ਜੀ - ਬੜਾ ਔਖਾ ਹੈ, ਸੋਚ ਲੈ।
ਡਾਕਟਰ ਸਾਹਿਬ - ਕਈ ਨਿਭਾ ਗਏ।

ਬੱਸ ਫਿਰ ਕੀ ਸੀ, ਅੰਦਰਲੀਆਂ ਬੁਝਣਹਾਰੇ ਭਾਈ ਸਾਹਿਬ ਨੇ ਕਹਿ ਦਿੱਤਾ, "ਬੀਬੀ ਇਹਨੇ ਵਿਆਹ ਨਹੀਂ ਕਰਵਾਉਣਾ। ਇਹ ਚੱਕਰਵਰਤੀ ਹੀ ਵਿਚਰਨਗੇ।" ਉਸ ਦਿਨ ਤੋਂ ਬਾਅਦ ਫਿਰ ਕਦੀ ਵੀ ਭੈਣਾਂ ਨੇ ਆਪ ਜੀ ਨੂੰ ਵਿਆਹ ਲਈ ਮਜਬੂਰ ਨਾ ਕੀਤਾ।

ਕੁਰਾਲੀ ਵਿਖੇ ਕੀਰਤਨ ਸਿਖਣਾ

1953 ਈਸਵੀ ਦੇ ਲਗਭਗ ਦੀ ਗੱਲ ਹੈ ਇਹਨਾਂ ਦਿਨਾਂ ਵਿਚ ਭਾਈ ਅਮਰੀਕ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਕੁਰਾਲੀ ਆਪਣੇ ਪਿੰਡ ਵਿਖੇ ਠਹਿਰੇ ਹੋਏ ਸਨ। ਇਹਨਾਂ ਨੇ ਆਪਣੇ ਘਰ ਵਿਚ ਭੇਟਾ ਰਹਿਤ ਕੀਰਤਨ ਸਿਖਲਾਈ ਕੇਂਦਰ ਖੋਲ੍ਹਿਆ ਹੋਇਆ ਸੀ। 10-15 ਬੱਚੇ ਬੱਚੀਆਂ ਇਹਨਾਂ ਪਾਸ ਕੀਰਤਨ ਸਿਖਿਆ ਕਰਦੇ ਸਨ।

ਕੁਰਾਲੀ ਵਿਖੇ ਡਾਕਟਰ ਸਾਹਿਬ ਦੀ ਰਿਸ਼ਤੇਦਾਰੀ ਚੋਂ ਭੈਣ ਰਿਹਾ ਕਰਦੀ ਸੀ ਅਤੇ ਉਸਦਾ ਡਾਕਟਰ ਸਾਹਿਬ ਨਾਲ ਡੂੰਘਾ ਪਿਆਰ ਸੀ। ਡਾਕਟਰ ਸਾਹਿਬ ਪਾਸੋਂ ਕਈ ਵੇਰਾਂ ਸੁਣਨ 'ਚ ਆਉਂਦਾ ਸੀ ਕਿ ਜੀਵਨ ਭਰ ਜਦੋਂ ਕਦੀ ਵੀ ਦੁਨਿਆਵੀ ਰੌਲੇ-ਗੌਲੇ ਤੋਂ ਉਦਾਸ ਹੋ ਜਾਣ ਤਾਂ ਉਹ ਕੁਰਾਲੀ ਆਪਣੀ ਭੈਣ ਪਾਸ ਚਲੇ ਜਾਂਦੇ। ਕਿਹਾ ਕਰਦੇ ਸਨ ਕਿ ਜਦੋਂ ਮੈਂ ਆਪਣੀ ਭੈਣ ਜੀ ਪਾਸ ਜਾਂਦਾ ਹਾਂ ਤਾਂ ਉਹਨਾਂ ਦੇ ਪਿਆਰ ਸਦਕਾ ਮੈਨੂੰ ਸਾਰੇ ਸੰਸਾਰੀ ਦੁਖ ਭੁਲ ਜਾਂਦੇ ਹਨ। ਇਹਨਾਂ ਦੀ ਭੈਣ ਦੇ ਸਿੰਘ ਸਾਹਿਬ ਸ. ਗੁਰਇਕਬਾਲ ਸਿੰਘ ਤੇ ਉਹਨਾਂ ਦੇ ਵੱਡੇ ਵੀਰ ਸ. ਗੁਰਦਿਆਲ ਸਿੰਘ ਪਾਸ ਵਾਹਿਗੁਰੂ ਪਿਤਾ ਦੀ ਦਿੱਤੀ ਮਾਇਆ ਦੇ ਨਾਲ ਨਾਲ ਉਦਾਰ ਚਿੱਤ ਹੋਣ ਕਰਕੇ, ਪੂਰੇ ਇਲਾਕੇ ਵਿਚ ਬਹੁਤ ਸਤਿਕਾਰ ਸੀ। ਜਦੋਂ ਕਿਤੇ ਗੁਰਸਿਖ ਸੰਗਤਾਂ ਨੇ ਕੁਰਾਲੀ ਠਹਿਰਣਾ ਹੁੰਦਾ ਤਾਂ ਸਾਰਾ ਪ੍ਰਬੰਧ ਇਹਨਾਂ ਦੇ ਖਰਚੇ ਤੇ ਹੀ ਹੁੰਦਾ। ਹਰ ਦੁਖੀਏ ਅਤੇ ਲੋੜਵੰਦ ਲਈ ਇਨ੍ਹਾਂ ਦੇ ਦਰ ਖੁਲ੍ਹੇ ਰਹਿੰਦੇ। ਇਕ ਵੱਡੀ ਸਾਰੀ ਸਰਾਂ, ਨਾਲ ਲਗਦਾ ਲੰਗਰ ਹੁਣ ਵੀ ਉਸ ਤਰ੍ਹਾਂ ਹੀ ਚਲਦਾ ਰਹਿੰਦਾ ਹੈ। ਏਨਾ ਕੁਝ ਕਰਦਿਆਂ ਵੀ ਇਹਨਾਂ ਵੀਰਾਂ ਦੇ ਮਨਾਂ ਵਿਚ ਇਹ ਹਉਮੈ ਅਹੰਕਾਰ ਕਦੇ ਨਹੀਂ ਆਇਆ ਕਿ ਅਸੀਂ ਇਤਨੀ ਵੱਡੀ ਸੇਵਾ ਕਰ ਰਹੇ ਹਾਂ।

ਇਹੋ ਜਿਹੇ ਸੁਖਾਵੇਂ, ਹਉਮੈ ਰਹਿਤ ਮਾਹੌਲ ਵਿਚ ਜਦੋਂ ਪਹਿਲੀ ਵਾਰ ਡਾਕਟਰ ਸਾਹਿਬ ਪੁਜੇ ਤਾਂ ਉਥੇ ਕੁਝ ਸਮਾਂ ਠਹਿਰਣ ਲਈ ਜੀਅ ਚਾਹਿਆ। ਅਜੇ ਕੁਝ ਦਿਨ ਹੀ ਹੋਏ ਸਨ ਕਿ ਇਕ ਦਿਨ ਕੁਦਰਤੀ ਬਣੀ ਬਿਧ ਅਨੁਸਾਰ ਭਾਈ ਅਮਰੀਕ ਸਿੰਘ ਜੀ ਉਸ ਗ੍ਰਿਹ ਵਿਖੇ ਆ ਪੁਜੇ। ਸ. ਗੁਰਇਕਬਾਲ ਸਿੰਘ, ਭਾਈ ਅਮਰੀਕ ਸਿੰਘ ਜੀ ਨਾਲ ਬਹੁਤ ਪਿਆਰ ਕਰਦੇ ਸਨ, ਕਿਉਂਕਿ ਇਕ ਤਾਂ ਭਾਈ ਸਾਹਿਬ ਬਚਪਨ ਤੋਂ ਨੇਤ੍ਰਹੀਣ ਸਨ ਅਤੇ ਦੂਜੇ ਇਕ ਉੱਚ ਕੋਟੀ ਦੇ ਗੰਧਰਬ ਰਾਗੀ ਸਨ। ਭਾਈ ਅਮਰੀਕ ਸਿੰਘ ਜੀ ਦੇ ਬਚਪਨ ਦਾ ਹਰ ਮੋੜ ਵੀ ਇਸੇ ਪਰਵਾਰ ਦੀ ਹੀ ਬਖਸ਼ਸ਼ ਸੀ। ਜਦੋਂ ਭਾਈ ਅਮਰੀਕ ਸਿੰਘ ਜੀ ਘਰੋਂ ਹੋ ਕੇ ਚਲੇ ਗਏ ਤਾਂ ਡਾਕਟਰ ਸਾਹਿਬ ਨੇ ਆਪਣੀ ਭੈਣ ਜੀ ਨੂੰ ਪੁਛਿਆ ਕਿ ਇਹ ਕੌਣ

ਹਨ ਅਤੇ ਇਥੇ ਕੀ ਕਰਦੇ ਹਨ? ਭੈਣ ਜੀ ਦੇ ਇਹ ਦੱਸਣ ਤੇ ਕਿ ਇਹ ਇਥੇ ਕੀਰਤਨ ਸਿਖਾਂਦੇ ਹਨ ਤਾਂ ਡਾਕਟਰ ਸਾਹਿਬ ਨੇ ਭੈਣ ਜੀ ਨੂੰ ਕਿਹਾ ਕਿ ''ਕੀ ਇਹ ਮੈਨੂੰ ਵੀ ਕੀਰਤਨ ਸਿਖਾ ਦੇਣਗੇ?'', ''ਕਿਉਂ ਨਹੀਂ, ਇਹ ਤਾਂ ਸਾਡੇ ਘਰ ਦੇ ਬੱਚਿਆਂ ਦੀ ਤਰ੍ਹਾਂ ਹਨ। ਤੁਹਾਨੂੰ ਕੀਰਤਨ ਕਿਉਂ ਨਹੀਂ ਸਿਖਾਉਣਗੇ?'' ਭੈਣ ਜੀ ਨੇ ਕਿਹਾ।

ਅਉਸਰ ਆਏ ਬਣੇ। ਦੂਜੀ ਸਵੇਰ ਤੋਂ ਹੀ ਡਾਕਟਰ ਸਾਹਿਬ ਕੀਰਤਨ ਸਿਖਣਹਾਰਿਆਂ ਦੀ ਕਤਾਰ ਵਿਚ ਦਿਖਾਈ ਦੇ ਰਹੇ ਸਨ। ਆਪ ਜੀ ਛੇਤੀ ਹੀ ਸਰਗਮਾਂ ਸਿਖ ਕੇ ਉਨ੍ਹਾਂ ਵਿਚ ਮਾਹਰ ਹੋ ਗਏ। ਭਾਈ ਅਮਰੀਕ ਸਿੰਘ ਜੀ ਆਪਣੀ ਜ਼ੁਬਾਨੀ ਦੱਸਦੇ ਹਨ ਕਿ ਜਦੋਂ ਡਾਕਟਰ ਸਾਹਿਬ ਉਹਨਾਂ ਪਾਸ ਪੁਜੇ ਉਨ੍ਹਾਂ ਦੀ ਨਿਰਮਲ ਤੇ ਉੱਚੀ ਆਤਮਾ ਦਾ ਬੜਾ ਡੂੰਘਾ ਪ੍ਰਭਾਵ ਉਹਨਾਂ ਦੇ ਮਨ ਤੇ ਪਿਆ।

ਭਾਈ ਅਮਰੀਕ ਸਿੰਘ ਜੀ ਉਪਰੋਕਤ ਵਾਰਤਾ ਸੁਣਾਉਂਦਿਆਂ ਡਾਢੇ ਵੈਰਾਗ ਵਿਚ ਆ ਗਏ। ਉਹ ਕਹਿੰਦੇ ਹਨ ਕਿ ਮੇਰੇ ਧੰਨ ਭਾਗ ਹਨ ਜੋ ਮੈਨੂੰ ਇਹੋ ਜਿਹੇ ਮਹਾਂਪੁਰਖਾਂ ਨੂੰ ਕੀਰਤਨ ਸਿਖਾਉਣ ਦਾ ਸੁਭਾਗ ਮਿਲਿਆ। ਸਰਗਮਾਂ ਸਿਖਣ ਤੋਂ ਬਾਅਦ ਡਾਕਟਰ ਸਾਹਿਬ ਨੇ ਪਹਿਲਾ ਸ਼ਬਦ ਜੋ ਸਿਖਿਆ ਉਹ ਸੀ -

ਦਰਸਨੁ ਦੇਖਿ ਜੀਵਾ ਗੁਰ ਤੇਰਾ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ - ਅੰਗ ੭੪੨)

ਫਿਰ

ਚਰਨ ਕਮਲ ਕੀ ਆਸ ਪਿਆਰੇ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ - ਅੰਗ ੩੮੯)

ਤੂ ਠਾਕੁਰੋ ਬੈਰਾਗਰੋ ਮੈ ਜੇਹੀ ਘਣ ਚੇਰੀ ਰਾਮ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ - ਅੰਗ ੭੭੯)

ਆਦਿ ਸ਼ਬਦ ਸਿਖਣ ਦਾ ਸੁਭਾਗ ਬਣਿਆ। ਭਾਈ ਅਮਰੀਕ ਸਿੰਘ ਜੀ ਦੱਸਦੇ ਹਨ ਕਿ ਉਹਨਾਂ ਦੀਆਂ ਕੁਝ ਪਵਿੱਤਰ ਯਾਦਾਂ ਮੇਰੇ ਹਿਰਦੇ ਤੇ ਉਕਰੀਆਂ ਹੋਈਆਂ ਹਨ। ਜਿਵੇਂ, ਡਾਕਟਰ ਸਾਹਿਬ ਬਹੁਤ ਘਟ ਅਤੇ ਬੜੀ ਹੌਲੀ ਬੋਲਿਆ ਕਰਦੇ ਸਨ। ਇਕ ਦਿਨ ਸ਼ਬਦ ਸਿਖਾਂਦਿਆਂ ਦਾਸ ਨੇ ਬੇਨਤੀ ਕੀਤੀ, ''ਗੁਰੂ ਕੇ ਲਾਲ ਜੀ, ਜ਼ਰਾ ਉੱਚੀ ਆਵਾਜ਼

ਵਿਚ ਸ਼ਬਦ ਦਾ ਉਚਾਰਣ ਕਰਿਆ ਕਰੋ।'' ਤਾਂ ਕਹਿਣ ਲੱਗੇ, ''ਭਾਈ ਸਾਹਿਬ, ਮੈਂ ਕਿਹੜਾ ਕੀਰਤਨ ਕਿਸੇ ਨੂੰ ਸੁਨਾਉਣਾ ਹੈ। ਮੈਂ ਤਾਂ ਸਿਰਫ ਆਪਣੇ ਆਪ ਨੂੰ ਸੁਨਾਉਣ ਲਈ ਕੀਰਤਨ ਸਿਖਦਾ ਹਾਂ।'' ਭਾਈ ਸਾਹਿਬ ਦੱਸਦੇ ਹਨ ਕਿ ''ਐਡਾ ਰਹੱਸਮਈ ਜਵਾਬ ਸੁਣ ਕੇ ਮੈਨੂੰ ਇਕ ਝੁਣਝੁਣੀ ਜਿਹੀ ਆਈ ਕਿ ਕਮਾਲ ਹੈ। ਕਿਡੀ ਉੱਚੀ ਆਤਮਾ ਹੈ ਇਹਨਾਂ ਦੀ।''

ਇਕ ਹੋਰ ਘਟਨਾ ਡਾਕਟਰ ਸਾਹਿਬ ਦੇ ਭੈਣ ਦੇ ਲੜਕੇ ਗੁਰਜਸਪਾਲ ਸਿੰਘ ਜੀ ਨੇ ਇਉਂ ਸੁਣਾਈ, ''ਜਦੋਂ ਡਾਕਟਰ ਸਾਹਿਬ ਕੁਰਾਲੀ ਰਹਿੰਦੇ ਸਨ ਤਾਂ ਇਥੋਂ ਤੁਰ ਕੇ ਹੀ ਚਮਕੌਰ ਸਾਹਿਬ ਅਤੇ ਭੱਠਾ ਸਾਹਿਬ ਗੁਰਦੁਆਰੇ ਜਾਇਆ ਕਰਦੇ ਸਨ। ਮੈਂ ਕਹਿਣਾ, ਮਾਮਾ ਜੀ, ਹੁਣ ਤਾਂ ਪੁਰਾਤਨ ਸਮਾਂ ਨਹੀਂ, ਬਸਾਂ ਦੀ ਆਵਾਜਾਈ ਆਮ ਹੈ, ਤੁਸੀਂ ਬਸਾਂ ਤੇ ਕਿਉਂ ਨਹੀਂ ਜਾਂਦੇ? ਤਾਂ ਕਹਿਣਾ, ਗੁਰੂ ਦੀ ਸ਼ਰਨ 'ਚ ਪੈਰੀਂ ਤੁਰ ਕੇ ਹੀ ਜਾਣਾ ਬਣਦਾ ਹੈ। ਇਉਂ ਹੀ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਹੋ ਸਕਦੀਆਂ ਹਨ ਅਤੇ ਹਾਜ਼ਰੀ ਪ੍ਰਵਾਨ ਪੈਂਦੀ ਹੈ।''

ਡਾਕਟਰ ਸਾਹਿਬ ਪੁਰਾਤਨ ਗੁਰਮੁਖਾਂ ਵਾਲੇ ਸਹਿਜ ਕੀਰਤਨ ਨੂੰ ਬਹੁਤ ਪਸੰਦ ਕਰਦੇ ਸਨ। ਇਹੋ ਕਾਰਨ ਸੀ ਕਿ ਆਪ ਜੀ ਕਈ ਵੇਰਾਂ ਕਿਹਾ ਕਰਦੇ ਸਨ ਕਿ ਜੇ ਕੀਰਤਨ ਦਾ ਰਸ ਮਾਣਨਾ ਹੈ ਤਾਂ ਭਾਈ ਅਮਰੀਕ ਸਿੰਘ ਜੀ ਦਾ ਕੀਰਤਨ ਸੁਣਿਆ ਕਰੋ। ਆਪ ਜੀ ਇਹਨਾਂ ਦੇ ਕੀਰਤਨ ਦੇ ਤਾਂ ਭੌਰੇ ਹੀ ਸਨ। ਜਦੋਂ ਵੀ ਸ੍ਰੀ ਅੰਮ੍ਰਿਤਸਰ ਸਾਹਿਬ ਆਉਣਾ ਤਾਂ ਭਾਈ ਅਮਰੀਕ ਸਿੰਘ ਜੀ ਨੂੰ ਜ਼ਰੂਰ ਮਿਲਣਾ। ਡਾਕਟਰ ਸਾਹਿਬ ਨੇ ਇਕ ਵਾਜਾ ਵੀ ਭਾਈ ਅਮਰੀਕ ਸਿੰਘ ਜੀ ਦੀ ਭੇਟ ਕੀਤਾ ਹੋਇਆ ਸੀ ਕਿ ਜਿਸ ਨੂੰ ਤੁਸੀਂ ਕੀਰਤਨ ਸਿਖਾਉ, ਏਸੇ ਵਾਜੇ ਤੇ ਹੀ ਸਿਖਾਣਾ। ਅੱਜ ਵੀ ਉਹਨਾਂ ਦੀ ਇਹ ਯਾਦ, ਵਾਜੇ ਦੀ ਸ਼ਕਲ ਵਿਚ, ਭਾਈ ਸਾਹਿਬ ਦੇ ਕਮਰੇ ਵਿਚ ਸੁਭਾਇਮਾਨ ਹੈ। ਆਪ ਜੀ ਦੱਸਦੇ ਹਨ ਕਿ ਅੱਜ ਵੀ ਜਦੋਂ ਮੈਂ ਕਿਸੇ ਨੂੰ ਕੋਈ ਸ਼ਬਦ ਸਿਖਾਂਦਾ ਹਾਂ ਤਾਂ ਮੈਨੂੰ ਡਾਕਟਰ ਸਾਹਿਬ ਦੀ ਯਾਦ ਮੁੜ ਤਾਜ਼ਾ ਹੋ ਜਾਂਦੀ ਹੈ।

ਕੀਰਤਨ ਕਰਦਿਆਂ/ਸੁਣਦਿਆਂ ਦੇ ਅਲੌਕਿਕ ਰੰਗ

ਡਾਕਟਰ ਸਾਹਿਬ ਐਸੇ ਵਜਦ ਵਿਚ ਕੀਰਤਨ ਕਰਦੇ ਕਿ ਸਿਖ ਸੰਗਤਾਂ ਦੇ ਦਿਲ ਹਿਲਾ ਦੇਣੇ। ਆਪ ਨੇ ਕੀਰਤਨ ਕਰਦਿਆਂ ਵਾਜੇ ਦੀਆਂ ਮਿੱਠੀਆਂ ਸੁਰਾ ਉਪਰ ਇਉਂ ਮਸਤੁਲ ਮਸਤ ਹੋ ਜਾਣਾ, ਜਿਵੇਂ ਕੋਈ ਸੱਪ ਬੀਨ ਦੀ ਧੁਨੀ ਸ੍ਰੋਤ ਉਤੇ ਮੋਹਲਦਾ ਆਪਣਾ

ਆਪ ਭੁੱਲ ਜਾਂਦਾ ਹੈ। ਇਹਨਾਂ ਦੀ ਆਵਾਜ਼ ਉਂਜ ਹੀ ਬੜੀ ਪਿਆਰੀ ਸੀ, ਪਰ ਜਦੋਂ ਰੰਗਾਂ ਵਿਚ ਆ ਜਾਂਦੇ ਤਾਂ ਅਵਾਜ਼ ਹੋਰ ਵੀ ਪਿਆਰੀ ਤੇ ਦਿਲ ਖਿਚਵੀਂ ਹੋ ਜਾਂਦੀ। ਕੀਰਤਨ ਕਰਦਿਆਂ ਬਾਣੀ ਦੇ ਭਾਵ ਨੂੰ ਖੂਬ ਸਮਝਣਾ ਤੇ ਸਮਝ-ਸਮਝ ਕੇ ਉੱਪਰ ਨੂੰ ਚੜ੍ਹਨਾ ਤੇ ਚੜ੍ਹਦੇ ਹੀ ਜਾਣਾ। ਜਦੋਂ ਵੀ ਸ਼ਬਦ ਲੈਂਦੇ ਸਨ, ਨਿਰੇ ਵੈਰਾਗਮਈ ਹੀ ਸ਼ਬਦ ਲੈਂਦੇ ਸਨ ਤੇ ਪ੍ਰੇਮ ਵੈਰਾਗ ਵਿਚ ਭਿਜ-ਭਿਜ ਕੇ ਐਸਾ ਵੈਰਾਗ ਭਰਿਆ ਕੀਰਤਨ ਕਰਨਾ ਕਿ ਇਹਨਾਂ ਦੀਆਂ ਆਪਣੀਆਂ ਅੱਖੜੀਆਂ ਭੀ ਨੀਰੋ-ਨੀਰ ਹੋ ਕੇ ਵੈਰਾਗ ਨਾਲ ਵਹਿ ਤੁਰਨੀਆਂ।

1) ਇਕੇਰਾਂ ਦਾ ਜ਼ਿਕਰ ਹੈ ਕਿ ਪੋਹ ਸੁਦੀ ਸਪਤਮੀ ਦੀ ਰੈਣਸਬਾਈ ਕੀਰਤਨ ਵਿਚ ਡਾਕਟਰ ਸਾਹਿਬ ਨੂੰ ਸੱਦ ਪਈ। ਆਪ ਜੀ ਮਸਤਾਨੇ ਰੰਗਾਂ ਵਿਚ ਆਏ ਅਤੇ ਨਿਮਰੀਭੂਤ ਅਵਸਥਾ ਵਿਚ ਬੜੀ ਪਿਆਰੀ ਅਤੇ ਮਿੱਠੀ ਸੁਰ ਵਿਚ ਗੁਰਬਾਣੀ ਦਾ ਸ਼ਬਦ ਲਿਆ। ਵਾਜੇ ਅਗੇ ਬੈਠਦਿਆਂ ਇਉਂ ਲੱਗਦਾ ਸੀ ਜਿਵੇਂ ਕਿ ਉਹ ਵਾਜੇ ਦੀਆਂ ਸੁਰਾਂ ਨਾਲ ਇਕ ਮਿਕ ਹੋ ਗਏ ਹੁੰਦੇ ਹਨ। ਬੜੇ ਹੀ ਵਜਦ ਵਿਚ ਆ ਕੇ ਤਿਲੰਗ ਰਾਗ ਦੇ ਸ਼ਬਦ ਦੀਆਂ ਇਹ ਤੁਕਾਂ ਲਈਆਂ :

ਰਾਇਸਾ ਪਿਆਰੇ ਕਾ ਰਾਇਸਾ ਜਿਤੁ ਸਦਾ ਸੁਖੁ ਹੋਈ।।

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ - ਅੰਗ ੭੨੪-੨੫)

ਸ਼ਬਦ ਅਰੰਭ ਕਰਨ ਦੀ ਦੇਰ ਸੀ ਕਿ ਸਾਰਾ ਕੀਰਤਨ ਅਖਾੜਾ ਕਿਸੇ ਅਲੌਕਿਕ ਰੰਗ ਵਿਚ ਰੰਗੀਜਿਆ ਗਿਆ। ਇਉਂ ਪ੍ਰਤੀਤ ਹੋਵੇ ਕਿ ਜਿਵੇਂ ਡਾਕਟਰ ਸਾਹਿਬ ਆਪਣੀ ਮਿੱਠੀ ਅਤੇ ਧੀਮੀ ਜਿਹੀ ਅਵਾਜ਼ ਵਿਚ ਆਪਣੇ ਪਿਆਰੇ ਪ੍ਰੀਤਮ ਦਾ ਕੋਈ ਪਿਆਰ ਭਰਿਆ ਪ੍ਰਸੰਗ, ਰੱਬੀ ਰੰਗਾਂ ਦੇ ਅਣਿਆਲੇ ਬਾਣਾਂ ਵਿਚ ਪ੍ਰੋ ਕੇ ਅਲਾਪ ਰਹੇ ਹਨ। ਅਰੰਭ ਦੀਆਂ ਤੁਕਾਂ :

ਜਿਨਿ ਕੀਆ ਤਿਨਿ ਦੇਖਿਆ ਕਿਆ ਕਹੀਐ ਰੇ ਭਾਈ।।
ਆਪੇ ਜਾਣੈ ਕਰੇ ਆਪਿ ਜਿਨਿ ਵਾੜੀ ਹੈ ਲਾਈ।।੧।।

ਭਾਵ ਸਪੱਸ਼ਟ ਹੁੰਦਾ ਜਾ ਰਿਹਾ ਸੀ ਕਿ ਜਿਸ ਪਿਆਰੇ ਪ੍ਰਭੂ ਨੇ ਇਹ ਸੰਸਾਰ ਉਪਾਇਆ ਹੈ, ਉਹ ਆਪ ਹੀ ਇਸਦੀ ਦੇਖ-ਰੇਖ ਕਰ ਰਿਹਾ ਹੈ, ਉਸ ਪਿਆਰੇ ਪ੍ਰੀਤਮ ਦੀ ਕਥਾ ਕੀ ਤੇ ਕਿਵੇਂ ਦਸੀਏ! ਜਿਸ ਦਾਤੇ ਨੇ ਸੰਸਾਰ ਵਾੜੀ ਰਚੀ ਹੈ, ਉਹ ਆਪ ਹੀ

ਆਪਣੀ ਅਕੱਥ ਕਥਾ ਜਾਣਦਾ ਹੈ। ਨਾਲ ਹੀ ਰਹਾਉ ਦੀ ਤੁਕ, ਜਿਸ ਦੇ ਦੁਆਲੇ ਸਾਰਾ ਸ਼ਬਦ ਘੁੰਮ ਰਿਹਾ ਹੈ।

ਰਾਇਸਾ ਪਿਆਰੇ ਕਾ ਰਾਇਸਾ ਜਿਤੁ ਸਦਾ ਸੁਖੁ ਹੋਈ।। ਰਹਾਉ।।

ਕਥਨ ਹੈ, ਪਿਆਰੇ ਦਾ ਕਥਨ ਹੈ। ਇਸ ਕਥਨ ਦੇ ਸੁਣਨ ਨਾਲ ਸਦੀਵੀ ਸੁਖ ਮਾਣੀਦਾ ਹੈ। ਪਿਆਰੇ ਦੇ ਇਸ ਕਥਨ ਦਾ ਅਲਾਪ ਕਰਦਿਆਂ ਅਜੀਬ ਜਹੇ ਰੰਗ ਬੱਝ ਰਹੇ ਸਨ, ਜਦ ਕਿ ਡਾਕਟਰ ਸਾਹਿਬ ਨੇ ਅਗਲੀਆਂ ਤੁਕਾਂ ਰਾਹੀਂ ਸਭ ਨੂੰ ਸਾਵਧਾਨ ਕਰ ਦਿੱਤਾ ਕਿ :

ਜਿਨਿ ਰੰਗਿ ਕੰਤੁ ਨ ਰਾਵਿਆ ਸਾ ਪਛੋ ਰੇ ਤਾਣੀ।।
ਹਾਥ ਪਛੋੜੈ ਸਿਰੁ ਧੁਣੈ ਜਬ ਰੈਣਿ ਵਿਹਾਣੀ।।੨।।
ਪਛੋਤਾਵਾ ਨਾ ਮਿਲੈ ਜਬ ਚੂਕੈਗੀ ਸਾਰੀ।।

ਮੇਰੇ ਪਿਆਰੇ ਦੀ ਇਸ ਸੁਖਦਾਈ ਕਥਾ ਤੋਂ, ਪ੍ਰਭੂ ਰੰਗ ਤੋਂ ਵਿਛੜੇ ਹੋਏ ਕੋਰੇ ਹੀ ਰਹਿ ਜਾਂਦੇ ਹਨ ਅਤੇ ਉਨ੍ਹਾਂ ਦੇ ਪੱਲੇ ਪਛਤਾਵਾ ਹੀ ਪਛਤਾਵਾ ਰਹਿ ਜਾਂਦਾ ਹੈ, ਹੱਥ ਮਲਦਿਆਂ ਤੇ ਸਿਰ ਧੁਨਦਿਆਂ ਹੀ ਉਨ੍ਹਾਂ ਦੀ ਆਰਬਲਾ ਵਿਹਾ ਜਾਂਦੀ ਹੈ। ਫਿਰ ਅਗਲੀ ਤੁਕ ਵਿਚ ਪ੍ਰੇਰਨਾ ਰੂਪ ਵਿਚ ਆਪ ਜੀ ਇਉਂ ਕੂਕਦੇ ਹਨ :

ਤਾ ਫਿਰਿ ਪਿਆਰਾ ਰਾਵੀਐ ਜਬ ਆਵੈਗੀ ਵਾਰੀ।।੩।।

ਫਿਰ ਰਤਾ ਅਗੇ ਤੁਰਦੇ ਹਨ ਤੇ ਇਸ ਭਾਵ ਵਿਚ ਜੁੜ ਜਾਂਦੇ ਹਨ :

ਕੰਤੁ ਲੀਆ ਸੋਹਾਗਣੀ ਮੈ ਤੇ ਵਧਵੀ ਏਹ।।
ਸੇ ਗੁਣ ਮੁਝੈ ਨ ਆਵਨੀ ਕੈ ਜੀ ਦੋਸੁ ਧਰੇਹ।।੪।।

ਇਉਂ ਜੋਦੜੀਆਂ ਕਰਦੇ ਕਰਦੇ, ਕਈ ਤੁਕਾਂ ਦਾ ਰਸ ਮਾਣਦੇ ਹੋਏ ਜਦੋਂ ਇਥੇ ਪੁਜਦੇ ਹਨ :

ਪਾਨਾ ਵਾੜੀ ਹੋਇ ਘਰਿ ਖਰੁ ਸਾਰ ਨ ਜਾਣੈ।।
ਰਸੀਆ ਹੋਵੈ ਮੁਸਕ ਕਾ ਤਬ ਫੂਲੁ ਪਛਾਣੈ।।੯।।

ਇਥੇ ਪੁਜ ਕੇ ਤਾਂ ਡਾਕਟਰ ਸਾਹਿਬ ਦੇ ਵੈਰਾਗ ਦੀਆਂ ਕਾਂਗਾਂ ਵਿਚ ਇਕ ਹੜ੍ਹ ਜਿਹਾ ਆ ਜਾਂਦਾ ਹੈ ਅਤੇ ਉਹ ਮੁੜ-ਮੁੜ ਆਪਣੇ ਆਪ ਨੂੰ ਕੋਸਦੇ ਹੋਏ ਇਉਂ ਬਾਣੀ ਦੇ ਤੀਰ ਮਾਰੀ ਜਾਂਦੇ ਹਨ :

ਪਾਨਾ ਵਾੜੀ ਹੋਇ ਘਰਿ ਖਰੁ ਸਾਰ ਨ ਜਾਣੈ॥
ਪਾਨਾ ਵਾੜੀ ਹੋਇ ਘਰਿ ਖਰੁ...
ਪਾਨਾ ਵਾੜੀ...

ਅਤੇ ਫਿਰ ਇਸ ਬੁਝਾਰਤ ਨੂੰ ਅਗਲੀ ਤੁਕ ਨਾਲ ਖੋਲ੍ਹਦੇ ਹਨ :

ਰਸੀਆ ਹੋਵੈ ਮੁਸਕ ਕਾ ਤਬ ਫੂਲੁ ਪਛਾਣੈ॥੯॥

''ਰਸੀਆ ਹੋਵੈ ਮੁਸਕ ਕਾ'' ਨੂੰ ਸਹਿਜੇ ਅਲਾਪਦੇ-ਅਲਾਪਦੇ ਉਹ ਬਿਸਮਾਦ ਰੰਗਾ ਵਿਚ ਜੋ ਵਿਚਰਦੇ ਹਨ ਅਤੇ ਇਸ ਤੁਕ ''ਰਸੀਆ ਹੋਵੈ ਮੁਸਕ ਕਾ'' ਵਿਚ ਹੀ ਐਸੇ ਗੜ੍ਹੁੰਦ ਹੋ ਜਾਂਦੇ ਹਨ ਕਿ ਆਪ ਭੀ ਸੁੰਨ ਸਮਾਧ ਵਿਚ ਚਲੇ ਜਾਂਦੇ ਹਨ ਅਤੇ ਸਾਰੀ ਸੰਗਤ ਵਿਚ ਭੀ ''ਸੁੰਨ ਮੁੰਨ ਨਗਰੀ ਭਈ'' ਵਾਲੀ ਦਸ਼ਾ ਵਾਪਰ ਕੇ ਚੁਪ ਦਾ ਸਨਾਟਾ ਜਿਹਾ ਛਾ ਜਾਂਦਾ ਹੈ। ਕਿੰਨਾ ਚਿਰ ਹੀ ਇਹ ਸੁੰਨ ਅਵਸਥਾ ਉਸ ਕੀਰਤਨ ਮੰਡਲ ਵਿਚ ਛਾਈ ਰਹੀ। ਵਾਹਿਗੁਰੂ ਪਿਤਾ ਜੀ ਦੇ ਕੌਤਕੀ ਕ੍ਰਿਸ਼ਮੇ ਸਦਕਾ ਡਾਕਟਰ ਸਾਹਿਬ ਤਾਂ ਇਸ ਤੁਕ ਵਿਚ ਲੀਨ ਹੋਏ ਮੁਸ਼ਕ ਝਕੋਲੇ ਗਏ ਅਤੇ ਪਤਾ ਨਹੀਂ ਕਿੰਨਾ ਚਿਰ ਉਹ ਕਿਨ੍ਹਾਂ ਮੰਡਲਾਂ ਵਿਚ ਘੁੰਮਦੇ ਰਹੇ। ਭਲਾ ਪ੍ਰੀਤਮ ਦੇ ਦੇਸ਼ ਚੋਂ ਕਿਵੇਂ ਕੋਈ ਮੁੜੇ! ਇਨ੍ਹਾਂ ਮਸਤੁਲ ਮਸਤ ਰੰਗਾਂ ਵਿਚ ਸਾਰੀ ਸੰਗਤ ਅਨੰਦਤ ਹੋਈ ਵਾਹਿਗੁਰੂ-ਵਾਹਿਗੁਰੂ ਦਾ ਧਿਆਨ ਧਰ ਰਹੀ ਸੀ, ਦੂਜੇ ਬੰਨੇ ਪ੍ਰੇਮ ਕਸਾਈਆਂ ਅਖੜੀਆਂ ਨਾ ਖੁਲ੍ਹਣ, ਨਾ ਝਮਕਣ, ਸੰਗਤ ਢਕੋ ਢਕੀ ਗੂੜ੍ਹੇ ਰੰਗ ਮਾਣ ਰਹੀ ਸੀ। ਅਖੀਰ ਅੰਤਲੀਆਂ ਦੋ ਤੁਕਾਂ ਸੰਗਤ ਨੇ ਰਲ ਕੇ ਪੂਰੀਆਂ ਕੀਤੀਆਂ। ਡਾਕਟਰ ਸਾਹਿਬ ਦੀ ਲਿਵ ਉਵੇਂ ਹੀ ਲਗੀ ਰਹੀ ਅਤੇ ''ਮੈ ਨੀਰੁ ਵਹੇ ਵਹਿ ਚਲੈ ਜੀਉ'' ਦੇ ਪਰਤੱਖ ਖੇੜੇ ਖਿੜੇ ਰਹੇ।

2) ਭਾਈ ਤੇਜਿੰਦਰ ਸਿੰਘ ਜੀ ਨਾਲ ਡਾਕਟਰ ਸੁਰਿੰਦਰ ਸਿੰਘ ਜੀ ਦਾ ਚੰਗਾ ਪਿਆਰ ਸੀ। ਇਕੇਰਾਂ ਭਾਈ ਤੇਜਿੰਦਰ ਸਿੰਘ ਵੀ ਲੁਧਿਆਣੇ ਦੇ ਸਮਾਗਮ ਵਿਖੇ ਡਾਕਟਰ ਸਾਹਿਬ ਦੇ ਪਾਸ ਹੀ ਬੈਠੇ ਸਨ। ਪੂਰਾ ਪੰਡਾਲ ਸੰਗਤ ਨਾਲ ਖੱਚਾ-ਖੱਚ ਭਰਿਆ ਪਿਆ

ਸੀ। ਸੰਗਤ ਬੜੇ ਹੀ ਰੰਗਾਂ ਵਿਚ ਜੁੜੀ ਹੋਈ ਸੀ। ਇਕ ਬੀਬੀ ਜੀ ਨੇ ਇਹ ਸ਼ਬਦ ਸ਼ੁਰੂ ਕੀਤਾ :

ਬਾਹਰਿ ਢੂਢਨ ਤੇ ਛੂਟਿ ਪਰੇ ਗੁਰਿ ਘਰ ਹੀ ਮਾਹਿ ਦਿਖਾਇਆ ਥਾ।।
ਅਨਭਉ ਅਚਰਜ ਰੂਪੁ ਪ੍ਰਭ ਪੇਖਿਆ ਮੇਰਾ ਮਨੁ ਛੋਡਿ ਨ ਕਤਹੂ ਜਾਇਆ ਥਾ।।੧।।
ਮਾਨਕੁ ਪਾਇਓ ਰੇ ਪਾਇਓ ਹਰਿ ਪੂਰਾ ਪਾਇਆ ਥਾ।।
ਮੋਲਿ ਅਮੋਲੁ ਨ ਪਾਇਆ ਜਾਈ ਕਰਿ ਕਰਪਾ ਗੁਰੂ ਦਿਵਾਇਆ ਥਾ।।੧।।ਰਹਾਉ।।
ਅਦਿਸਟੁ ਅਗੋਚਰੁ ਪਾਰਬ੍ਰਹਮੁ ਮਿਲਿ ਸਾਧੂ ਅਕਥੁ ਕਥਾਇਆ ਥਾ।।
ਅਨਹਦ ਸਬਦੁ ਦਸਮ ਦੁਆਰਿ ਵਜਿਓ ਤਹ ਅੰਮ੍ਰਿਤ ਨਾਮੁ ਚੁਆਇਆ ਥਾ।।੨।।
ਤੋਟਿ ਨਾਹੀ ਮਨਿ ਤ੍ਰਿਸਨਾ ਬੂਝੀ ਅਖੁਟ ਭੰਡਾਰ ਸਮਾਇਆ ਥਾ।।
ਚਰਣ ਚਰਣ ਚਰਣ ਗੁਰ ਸੇਵੇ ਅਘੜੁ ਘੜਿਓ ਰਸੁ ਪਾਇਆ ਥਾ।।੩।।
ਸਹਜੇ ਆਵਾ ਸਹਜੇ ਜਾਵਾ ਸਹਜੇ ਮਨੁ ਖੇਲਾਇਆ ਥਾ।।
ਕਹੁ ਨਾਨਕ ਭਰਮੁ ਗੁਰਿ ਖੋਇਆ ਤਾ ਹਰਿ ਮਹਲੀ ਮਹਲੁ ਪਾਇਆ ਥਾ।।੪।।੩।।੧੨।।

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ - ਅੰਗ ੧੦੦੨)

ਡਾਕਟਰ ਸਾਹਿਬ ਸੰਗਤ ਵਿਚ ਇਕ ਪਾਸੇ ਕਰਕੇ ਸਜੇ ਹੋਏ ਸਨ ਅਤੇ ਉਨ੍ਹਾਂ ਦੀ ਦਸ਼ਾ ਐਸੀ ਬਣ ਹੋਈ ਸੀ :

ਜਿਸਨੋ ਪ੍ਰੇਮੁ ਮੰਨਿ ਵਸਾਏ।। ਸਾਚੈ ਸਬਦਿ ਸਹਜਿ ਸੁਭਾਏ।।
ਏਹਾ ਵੇਦਨ ਸੋਈ ਜਾਣੈ ਅਵਰੁ ਕਿ ਜਾਣੈ ਕਾਰੀ ਜੀਉ।।੧।।

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ - ਅੰਗ ੧੦੧੬)

ਪ੍ਰੇਮ ਵੇਦਨਾ ਨਾਲ ਵਿੰਨ੍ਹੇ ਹੋਏ ਹਿਰਦੇ ਵਿਚ ਬਾਣੀ ਦੀ ਇਕ-ਇਕ ਤੁਕ ਆ ਕੇ ਘਾਉ ਕਰਦੀ ਜਾਂਦੀ ਸੀ। ਹਰੇਕ ਤੁਕ ਸ੍ਰਵਣ ਕਰਨ ਪਿਛੋਂ ਚਿਹਰੇ ਤੇ ਕੋਈ ਨਵਾਂ ਹੀ ਰੰਗ ਖਿੜਦਾ ਜਾਂਦਾ ਸੀ। ਸਰੀਰ ਵਿਚ ਅਨੋਖਾ ਜਿਹਾ ਕਾਂਬਾ ਸੀ। ਕੋਲ ਬੈਠੇ ਇਉਂ ਪ੍ਰਤੀਤ ਕਰ ਰਹੇ ਸਾਂ, ਕਿ ਜਿਵੇਂ ਕੋਈ ਘਾਇਲ ਹੋਇਆ ਪ੍ਰਾਣੀ ਘਾਵਾਂ ਦੀ ਪੀੜਾ ਨੂੰ ਬੜੀ ਮੁਸ਼ਕਲ ਨਾਲ ਜਰਨ ਦਾ ਉਪਰਾਲਾ ਕਰ ਰਿਹਾ ਹੋਵੇ।

ਬੱਸ ਜੀ, ਗੁਰਬਾਣੀ ਦੇ ਅਣਿਆਲੇ ਅਣੀਆਂ ਨਾਲ ਤਨ ਮਨ ਬੇਧਿਆ ਗਿਆ। ਜਿਉਂ-ਜਿਉਂ ਅਮੋਘ ਬਾਣੀ ਦੇ ਬਾਣ ਲੱਗਦੇ, ਤਿਉਂ-ਤਿਉਂ ਹੋਰ ਤੋਂ ਹੋਰ ਵੈਰਾਗ

ਵਿਆਕੁਲਤਾ ਉਹਨਾਂ ਦੀ ਵਧਦੀ ਜਾਂਦੀ। ਕੀਰਤਨ ਦੁਆਰਾ ਬਾਣੀ ਦੇ ਇਨ੍ਹਾਂ ਬਾਣਾਂ ਨਾਲ ਵੈਰਾਗੀ ਅਤੇ ਡਾਕਟਰ ਸਾਹਿਬ ਦੀ ਬ੍ਰਿਹਨੀ ਬਿਰਤੀ ਨੂੰ ਬੇਧਨ ਲਈ ਇਹ ਸਾਰਾ ਸਰੰਜਾਮ ਹੋ ਰਿਹਾ ਸੀ। ਕੀਰਤਨ ਸ੍ਰਵਣ ਕਰਦਿਆਂ ਕਰਦਿਆਂ ਡਾਕਟਰ ਸਾਹਿਬ ਦੀ ਸਾਰੀ ਰੋਮਾਵਲੀ ਰੁਮਕ ਉਠੀ। ਐਸਾ ਜਾਪੇ ਕਿ -

ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ - ਅੰਗ ੯੪੧)

ਗੁਰਵਾਕ ਦਾ ਪੂਰਨ ਪ੍ਰਭਾਵ ਬੱਝ ਰਿਹਾ ਹੈ। ਚੇਹਰੇ ਦਾ ਰੰਗ ਦਮ-ਬਦਮ ਚਲੂਲੀ ਭਾਹ ਵਿਚ ਪਟਲਦਾ ਜਾਵੇ। ਨਿਕਟ ਬੈਠੇ ਵੀਰੜੇ ਚਲੂਲੇ ਰੰਗਾਂ ਵਿਚ ਰੰਗੀਜੇ ਇਹ ਦਰਸ਼ਨ ਕਰ ਕਰ ਚਕ੍ਰਿਤ ਹੋ ਰਹੇ ਸਨ। ਡਾਕਟਰ ਸਾਹਿਬ ਨਿਰੰਕਾਰੀ ਮੰਡਲਾਂ 'ਚ ਜਾ ਖੇਡੇ। ਹਿਰਦੇ ਨਾਭੀ ਕਮਲ ਅੰਦਰ ਅੰਮ੍ਰਿਤੀਸ਼ਰ ਚਸ਼ਮਾ ਐਸਾ ਸਫੁਟ ਹੋਇਆ ਕਿ ਅਮਿਉ ਰਸਾਇਣੀ ਜਲਵਾ ਉਛਲ-ਉਛਲ ਬਾਹਰ ਨੂੰ ਆਵੇ। ਡਾਕਟਰ ਸਾਹਿਬ ਦਾ ਸਿਮਰਨ ਚਸ਼ਮੇ ਵਾਂਗ ਉਮਗ-ਉਮਗ ਕੇ ਬਾਹਰ ਨੂੰ ਆਵੇ ਅਤੇ ਅੰਤ ਉਹ ਉੱਚੀ-ਉੱਚੀ ਗੂੰਜਾਂ ਗੂੰਜਾਉਂਦਾ ਜ਼ੋਰ ਦੇ ਕੇ ਬਾਹਰ ਨੂੰ ਵਗ ਤੁਰਿਆ। ਉਨ੍ਹਾਂ ਦੇ ਵੈਰਾਗ ਦਾ ਕੜ੍ਹ ਪਾਟ ਗਿਆ ਜੋ ਸੰਭਲਿਆ ਨਹੀਂ ਸੀ ਜਾਂਦਾ। ਜ਼ਮੀਨ ਤੋਂ ਉਚੇ ਉੱਠ-ਉੱਠ ਗੁਰੂ-ਗੁਰੂ ਦੀਆਂ ਧੁੰਨੀਆਂ ਬੁਲੰਦ ਹੋ ਰਹੀਆਂ ਸਨ।

ਭਾਈ ਤੇਜਿੰਦਰ ਸਿੰਘ ਜੀ ਦੱਸਦੇ ਹਨ ਕਿ ਲਾਗੇ ਬੈਠਿਆਂ ਨੂੰ ਇੰਜ ਜਾਪੇ ਕਿ ਉਹ ਅਮਰ ਅਟਾਰੇ ਅਰਸ਼ੀ ਮੰਡਲਾਂ ਵਿਚ ਜਾ ਬੈਠੇ ਹਨ ਅਤੇ ਸੰਸਾਰ ਦੀ ਸੁਧ-ਬੁਧ ਹੀ ਕੋਈ ਨਹੀਂ। ਇਸ ਅਗੰਮੀ ਕਲਾ ਵਿਚ ਡਾਕਟਰ ਸਾਹਿਬ ਉਡ-ਉਡ ਕੇ ਡਿੱਗਣ। ਅੰਦਰੋਂ ਅਜਪਾ ਜਾਪ ਇਵੇਂ ਚਲਿਆ ਕਿ ਰੁਕਣ-ਠੁਕਣ ਵਿਚ ਹੀ ਨਾ ਆਵੇ। ਸ੍ਰੀ ਮਾਨ ਬਾਊ ਮਲ ਸਿੰਘ ਜੀ ਨੇ ਜਦੋਂ ਡਾਕਟਰ ਸਾਹਿਬ ਦੀ ਇਹ ਡਾਢੀ ਵੈਰਾਗੀ ਦਸ਼ਾ ਦੇਖੀ ਤਾਂ ਉਨ੍ਹਾਂ ਦੇ ਅੰਤਰ-ਆਤਮੇ ਪਤਾ ਨਹੀਂ ਕੀ ਸਫੁਰਨ ਫੁਰਿਆ, ਸਟੇਜ ਤੋਂ ਉਠੇ ਅਤੇ ਉਠ ਕੇ ਡਾਕਟਰ ਸਾਹਿਬ ਦੇ ਕੋਲ ਜਾ ਪੁਜੇ। ਉਹਨਾਂ ਨੇ ਡਾਕਟਰ ਸਾਹਿਬ ਨੂੰ ਜੱਫੀ ਵਿਚ ਲੈ ਕੇ ਅੰਦਰੇ ਅੰਦਰ ਕੁਝ ਕਿਹਾ ਤਾਂ ਡਾਕਟਰ ਸਾਹਿਬ ਦਾ ਉੱਚੀ-ਉੱਚੀ ਸਿਮਰਨ ਚਲਦਾ-ਚਲਦਾ ਸਹਿਜ 'ਚ ਆ ਗਿਆ। ਇਸੇ ਸਹਿਜ ਰੰਗ ਵਿਚ ਹੀ ਸਾਰੀ ਰੈਣ ਸੁਹਾਵੜੀ ਬਿਤਾਈ। ਪਤਾ ਨਹੀਂ ਕਿਸ ਵੇਲੇ ਸਵੇਰ ਹੋਈ, ਇਸਦੀ ਤਾਂ ਉਹਨਾਂ ਨੂੰ ਕੋਈ ਸੁਧ-ਬੁਧ ਹੀ ਨਾ ਰਹੀ।

3) ਡਾਕਟਰ ਸਾਹਿਬ, ਬੀਬੀ ਮਹਿੰਦਰ ਕੌਰ ਜੀ ਅਤੇ ਬੀਬੀ ਜਗਦੀਸ਼ ਕੌਰ ਜੀ ਦੇ ਕੀਰਤਨ ਨੂੰ ਬਹੁਤ ਹੀ ਪਸੰਦ ਕਰਦੇ ਸਨ, ਜਦੋਂ ਇਹਨਾਂ ਕੀਰਤਨ ਅਰੰਭਣਾ, ਵਾਰਨੇ ਬਲਿਹਾਰਨੇ ਹੋ ਹੋ ਪੈਣਾ। ਬੀਬੀ ਮਹਿੰਦਰ ਕੌਰ ਜੀ ਨਾਲ ਵੀ ਡਾਕਟਰ ਸਾਹਿਬ ਦਾ ਕੋਈ ਪਰਾ-ਪੂਰਬਲਾ ਸੰਜੋਗ ਹੀ ਸੀ। ਬੀਬੀ ਮਹਿੰਦਰ ਕੌਰ ਜੀ ਦੱਸਦੇ ਹਨ ਕਿ ਇਕ ਵੇਰਾਂ ਰੈਣਸਬਾਈ ਕੀਰਤਨ ਹੋ ਰਿਹਾ ਸੀ। ਡਾਕਟਰ ਸਾਹਿਬ ਬਿਲਕੁਲ ਨੇੜੇ ਹੀ ਬੈਠੇ ਸਨ। ਪਤਾ ਨਹੀਂ ਕੀ ਤਰੰਗ ਉਠੀ ਕਿ ਡਾਕਟਰ ਸਾਹਿਬ ਅੰਤਰ ਆਤਮੇ ਨਾਮ ਰੰਗਾਂ ਵਿਚ ਗੜੂੰਦ ਹੋਏ ਹੋਏ, ਅਚਨਚੇਤ ਜ਼ੋਰ-ਜ਼ੋਰ ਨਾਲ ਨਾਮ ਦਾ ਖੰਡਾ ਖੜਕਾਉਣ ਲਗ ਪਏ। ਨਾਲ ਹੀ ਕੜੇ ਖੜਕਾ-ਖੜਕਾ ਕੇ ਇਕ ਹੋਰ ਹੀ ਰਸ ਭਿੰਨਾ ਰੰਗ ਬੱਝਾ ਦਿੱਤਾ। ਇਸੇ ਹੀ ਰੰਗ ਵਿਚ ਡਾਕਟਰ ਸਾਹਿਬ ਉਠੇ ਅਤੇ :

ਹਰਿ ਜਨ ਨਾਚਹੁ ਹਰਿ ਹਰਿ ਧਿਆਇ।।

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ - ਅੰਗ ੩੬੮)

ਵਾਲਾ ਰੰਗ ਪਰਤੱਖ ਕਰ ਦਿੱਤਾ। ਸਾਰੀ ਸੰਗਤ ਇਹ ਅਚਰਜ ਕੌਤਕ ਬੜੀ ਹੀ ਅਸਚਰਜਤਾ ਨਾਲ ਦੇਖ ਰਹੀ ਸੀ। ਗੁਰਮੁਖ ਰੂਹਾਂ ਪੰਡਾਲ ਵਿਚ ਸੱਜੀਆਂ ਧੰਨ-ਧੰਨ ਕਹਿ ਰਹੀਆਂ ਸਨ। ਕਾਫੀ ਦੇਰ ਇਹ ਰੰਗ ਬੱਝਾ ਰਿਹਾ ਅਤੇ ਥੋੜੀ ਦੇਰ ਪਿਛੋਂ ਡਾਕਟਰ ਸਾਹਿਬ ਫਿਰ ਸਹਿਜ ਰੰਗਾਂ ਵਿਚ ਲੋਪ-ਛੋਪ ਹੋ ਕੇ ਇਕ ਪਾਸੇ ਹੋ ਕੇ ਬਿਰਾਜਮਾਨ ਹੋ ਗਏ। ਰੈਣਸਬਾਈ ਦੇ ਭੋਗ ਪੈਣ ਤੱਕ ਇਵੇਂ ਹੀ ਅਮਰ ਅਟਾਰਿਆਂ ਵਿਚ ਟਿਕੇ ਰਹੇ।

4) ਪ੍ਰੋਫੈਸਰ ਠਾਕੁਰ ਸਿੰਘ ਜੀ ਦੱਸਦੇ ਹਨ ਕਿ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਕੀਰਤਨ ਸਮਾਗਮਾਂ ਵਿਚ ਡਾਕਟਰ ਸਾਹਿਬ ਸੰਗਤ ਵਿਚ ਪਿੱਛੇ ਕਰਕੇ ਇਕ ਨੁਕਰੇ ਬੈਠੇ ਸਨ। ਮਾਨਯੋਗ ਬਾਊ ਮਲ ਸਿੰਘ ਜੀ ਵੀ ਇਨ੍ਹਾਂ ਕੀਰਤਨ ਸਮਾਗਮਾਂ ਵਿਚ ਹਾਜ਼ਰ ਸਨ। ਬਾਊ ਜੀ ਨੇ ਡਾਕਟਰ ਸਾਹਿਬ ਨੂੰ ਸੁਨੇਹਾ ਭੇਜਿਆ ਕਿ ਇਕ ਸ਼ਬਦ ਦਾ ਕੀਰਤਨ ਸੰਗਤ ਦੀ ਭੇਟ ਕਰਨ। ਬੜੀ ਹੀ ਨਿਮਰਤਾ ਵਿਚ ਡਾਕਟਰ ਸਾਹਿਬ ਵਾਜੇ ਤੇ ਬੈਠ ਗਏ ਤੇ ਸ਼ਬਦ ਲਿਆ:

ਹਰਿ ਦਰਸਨ ਕਉ ਮੇਰਾ ਮਨੁ ਬਹੁ ਤਪਤੈ ਜਿਉ ਤ੍ਰਿਖਾਵੰਤੁ ਬਿਨੁ ਨੀਰ।।

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ - ਅੰਗ ੮੬੧)

ਸਤਿਗੁਰੂ ਜੀ ਦੀ ਅਲੌਕਿਕ ਬਖਸ਼ਿਸ਼ ਦੇਖੀ, ਜਦੋਂ ਉਸ ਸ਼ਬਦ ਦੀ ਲੈਅ ਹਿਰਦੇ ਵਿਚੋਂ ਨਿਕਲੀ, ਅਵਾਜ਼ ਨੇ ਸੁੰਨ ਮੁੰਨ ਨਗਰੀ ਭਈ ਵਾਲੀ ਪ੍ਰਤੱਖ ਕਲਾ ਵਰਤਾ ਦਿੱਤੀ। ਸਾਰਾ ਮੰਡਲ ਮਹਿਕਾਂ ਮਾਰ ਉਠਿਆ। ਬੜੇ ਹੀ ਰਸ ਅਤੇ ਟਿਕਾਉ ਵਿਚ ਕੀਰਤਨ ਦਾ ਵਿਸਮਾਦਮਈ ਅਲਾਪਣਾ ਕੀਤਾ। ਜਦੋਂ ਇਸ ਤੁਕ ਤੇ ਪੁਜੇ 'ਮੇਰੈ ਮਨਿ ਪ੍ਰੇਮੁ ਲਗੋ ਹਰਿ ਤੀਰ' ਹੋਰ ਹੀ ਰੰਗਣ ਚੜ੍ਹਦੀ ਜਾਵੇ, ਚੇਹਰੇ ਦੀ ਝਾਲ ਝੱਲੀ ਨਾ ਜਾਵੇ, ਸੰਗਤ ਝੂਮ-ਝੂਮ ਪਵੇ। ਸਬਦ ਦਾ ਭੋਗ ਪਿਆ, ਪਿਛੋਂ ਸ੍ਰੀ ਬਾਊ ਜੀ ਨੇ ਇਹਨਾਂ ਨੂੰ ਗਲਵਕੜੀ 'ਚ ਲੈ ਬਹੁਤ ਹੀ ਪਿਆਰ ਕੀਤਾ ਅਤੇ ਬਚਨ ਕੀਤਾ, ਚੰਦਨ ਦੇ ਬੂਟੇ ਨੇ ਹੋਰ ਚੰਦਨ ਦੇ ਬੂਟੇ ਲਾ ਦਿੱਤੇ ਹਨ।

ਅੱਜ ਭਾਵੇਂ ਡਾਕਟਰ ਸਾਹਿਬ ਸਾਡੇ ਪਾਸ ਨਹੀਂ ਹਨ, ਪਰ ਉਹਨਾਂ ਦੇ ਰੰਗ ਰਤੜੇ ਕੀਰਤਨ ਦੀਆਂ ਗੂੰਜਾਂ ਹੁਣ ਵੀ ਸਰੋਤਿਆਂ ਨੂੰ ਅਨੰਦ ਲਹਿਰੇ ਦੇ ਰਹੀਆਂ ਹਨ।

ਕੁਝ ਹੋਰ ਸਮਾਚਾਰ

1) ਲੁਧਿਆਣੇ ਦੇ ਇਕ ਸਮਾਗਮ ਤੇ ਬੜੀ ਦਿਲਚਸਪ ਘਟਨਾ ਵਾਪਰੀ। ਭਾਈ ਤੇਜਿੰਦਰ ਸਿੰਘ ਜੀ ਨੂੰ ਡਾਕਟਰ ਸਾਹਿਬ ਦੀ ਕਲਾ-ਕ੍ਰਿਸ਼ਮੀ-ਅਵਸਥਾ ਦਾ ਪਤਾ ਸੀ। ਰੈਣਸਬਾਈ ਦਾ ਭੋਗ ਪਿਆ ਅਤੇ ਭਾਈ ਤੇਜਿੰਦਰ ਸਿੰਘ ਜੀ ਆਪਣੇ ਸਾਥੀ ਭਾਈ ਸੰਤ ਸਿੰਘ ਜੀ ਵਿੰਗ ਕਮਾਂਡਰ ਨਾਲ ਡਾਕਟਰ ਸਾਹਿਬ ਦੇ ਦਰਸ਼ਨ ਪਰਸਨ ਹਿੱਤ ਉਹਨਾਂ ਪਾਸ ਪੁਜੇ। ਭਾਈ ਤੇਜਿੰਦਰ ਸਿੰਘ ਜੀ ਹੋਰਾਂ ਨੇ ਸੰਤ ਸਿੰਘ ਜੀ ਨੂੰ ਕਿਹਾ ਵੀ ਕਿ ਡਾਕਟਰ ਸਾਹਿਬ ਬਹੁਤ ਉੱਚ ਖੇਡਾਂ 'ਚ ਹਨ, ਇਸ ਲਈ ਤੁਸੀਂ ਉਹਨਾਂ ਨਾਲ ਜਫੀ 'ਚ ਅਭਿਆਸੀ ਖੰਡਾ ਨਹੀਂ ਖੜਕਾਉਣਾ। ਪਰ ਭਾਈ ਸੰਤ ਸਿੰਘ ਜੀ ਨੇ ਇਹ ਗੱਲ ਗੌਲੀ ਹੀ ਨਾ। ਡਾਕਟਰ ਸਾਹਿਬ ਨੂੰ ਦੇਖਣ ਸਾਰ ਹੀ ਜੱਫੀ 'ਚ ਲੈ, ਨਾਮ ਦਾ ਖੰਡਾ ਖੜਕਾਉਣਾ ਸ਼ੁਰੂ ਕਰ ਦਿੱਤਾ। ਭਾਈ ਅਮਰਜੀਤ ਸਿੰਘ ਨਿਹੰਗ ਵੀ ਲਾਗੇ ਹੀ ਬੈਠੇ ਹੋਏ ਸਨ ਅਤੇ ਇਹ ਨਜ਼ਾਰਾ ਵੇਖ ਰਹੇ ਸਨ। ਕਾਫੀ ਦੇਰ ਨਾਮ ਅਭਿਆਸ ਤੋਂ ਬਾਅਦ ਜਦੋਂ ਭਾਈ ਸੰਤ ਸਿੰਘ ਜੀ ਹੋਰਾਂ ਨੇ ਆਪਣੀ ਗਲਵਕੜੀ ਢਿਲੀ ਕੀਤੀ ਤਾਂ ਡਾਕਟਰ ਸਾਹਿਬ ਦੌੜ ਕਰਦੇ ਜ਼ਮੀਨ ਤੇ ਡਿੱਗਣ ਨੂੰ ਪਏ। ਭਾਈ ਅਮਰਜੀਤ ਸਿੰਘ ਕਿਉਂਕਿ ਭੁੰਜੇ ਹੀ ਲਾਗੇ ਬੈਠੇ ਹੋਏ ਸਨ, ਉਹਨਾਂ ਮਸਾਂ ਹੀ ਡਾਕਟਰ ਸਾਹਿਬ ਨੂੰ ਆਪਣੇ ਹੱਥਾਂ ਤੇ ਥੰਮਿਆ। ਜੇ ਉਹ ਨਾ ਥੰਮ੍ਹਦੇ ਤਾਂ ਕੀ ਪਤਾ ਕਿ ਉਨ੍ਹਾਂ ਨੂੰ ਕੋਈ ਸੱਟ ਹੀ ਲੱਗ ਜਾਂਦੀ। ਡਾਕਟਰ ਸਾਹਿਬ ਸਿਰਤੋੜ ਜ਼ਮੀਨ ਤੇ ਪਏ ਸਨ। ਸਰੀਰ ਵਿਚ ਕੋਈ

ਸਾਹ ਸੱਤ ਨਹੀਂ ਸੀ ਜਾਪਦਾ, ਸਿਰਫ਼ ਗਲ ਤੋਂ ਉੱਪਰ ਸਰੀਰ ਵਾਹਿਗੁਰੂ ਪਿਤਾ ਦੀ ਅਗੰਮੀ ਧੁੰਨੀਆਂ 'ਚ ਮਗਨ ਜਾਹੋ ਜਲਾਲ ਨਾਲ ਭਖਦਾ ਡਾਕਟਰ ਸਾਹਿਬ ਦਾ ਚੇਹਰਾ ਦੇਖਿਆ ਨਹੀਂ ਸੀ ਜਾਂਦਾ। ਭਾਈ ਸੰਤ ਸਿੰਘ ਜੀ ਕੁਝ ਘਬਰਾਏ, ਪਰ ਤੇਜਿੰਦਰ ਸਿੰਘ ਜੀ ਕਹਿਣ ਲੱਗੇ, ਭਾਈ, ਤੈਨੂੰ ਪਹਿਲਾਂ ਹੀ ਕਿਹਾ ਸੀ ਕਿ ਡਾਕਟਰ ਸਾਹਿਬ ਹੋਰਾਂ ਦੀਆਂ ਤਲੀਆਂ ਝੱਸੋ। ਕੁਝ ਦੇਰ ਬਾਅਦ ਡਾਕਟਰ ਸਾਹਿਬ ਨੇ ਜਦੋਂ ਹੋਸ਼ ਸੰਭਾਲੀ ਤਾਂ ਕਹਿਣ ਲੱਗੇ, ਭਾਈ ਚਲੋ ਚਲੀਏ। ਤੁਸੀਂ ਇਥੇ ਕਾਹਦੇ ਲਈ ਖੜੇ ਹੋਏ ਜੇ, ਚਲੋ ਕਿਧਰ ਨੂੰ ਜਾਣਾ ਹੈ, ਚਲੀਏ। ਇਸ ਤਰ੍ਹਾਂ ਦੀਆਂ ਆਤਮਕ ਉਡਾਰੀਆਂ ਦੀਆਂ ਖੇਡਾਂ ਤਾਂ ਡਾਕਟਰ ਸਾਹਿਬ ਦੇ ਜੀਵਨ ਵਿਚ ਨਿੱਤ ਨਵੇਂ ਦਿਨ ਵਾਪਰਦੀਆਂ ਰਹਿੰਦੀਆਂ ਸਨ।

2) ਡਾਕਟਰ ਸਾਹਿਬ ਦਾ ਰੁਝਾਣ ਜਦ ਗੁਰਬਾਣੀ ਲਿਖਣ ਵਲ ਜਾਗਿਆ ਤਾਂ ਸਭ ਤੋਂ ਕੀਮਤੀ ਕਾਗਜ਼ ਖਰੀਦ ਕੇ ਆਪਣੇ ਹੱਥੀਂ ਉਸ ਨੂੰ ਕਟਿਆ ਅਤੇ ਫਿਰ ਸੁਨਹਿਰੀ ਜਿਲਦਾਂ ਵਿਚ ਜੜਤ ਕੀਤਾ ਅਤੇ ਪੋਥੀਆਂ ਦਾ ਰੂਪ ਦਿੱਤਾ। ਗੁਰਬਾਣੀ ਨੂੰ ਲਿਖਣ ਲਈ ਸਿਆਹੀ ਦਾ ਨੁਸਖਾ ਪਹਿਲਾਂ ਹੀ ਮੌਜੂਦ ਸੀ, ਕਿਉਂਕਿ ਸਿਆਹੀ ਬਾਰੇ ਨੁਸਖੇ ਦੀ ਆਪ ਜੀ ਨੇ ਗਿਆਨੀ ਭਗਵਾਨ ਸਿੰਘ ਜੀ ਗੁਰੂ ਨਾਨਕ ਪੂਰੇ ਵਾਲਿਆਂ ਤੋਂ ਕਾਫੀ ਮਦਦ ਲਈ ਸੀ। ਉਨ੍ਹਾਂ ਨੂੰ ਪੁਰਾਤਨ ਬੀੜਾਂ ਦੀਆਂ ਲਿਖਤਾਂ ਵਿਚੋਂ ਜੋ ਨੁਸਖਾ ਮਿਲਿਆ, ਉਹ ਡਾਕਟਰ ਸਾਹਿਬ ਪਾਸ ਲਿਖਤੀ ਰੂਪ ਵਿਚ ਸੀ। ਬੜੀ ਹੀ ਮੇਹਨਤ ਨਾਲ ਸਿਆਹੀ ਤਿਆਰ ਕੀਤੀ। ਬੀਬੀ ਮਹਿੰਦਰ ਕੌਰ ਜੀ ਦੱਸਦੇ ਹਨ ਕਿ ਇਹਨਾਂ ਦਿਨਾਂ ਵਿਚ ਡਾਕਟਰ ਸਾਹਿਬ ਇਤਨੇ ਰੁਝੇ ਹੋਏ ਲਗਦੇ ਸਨ ਜਿਵੇਂ ਕਿ ਉਹਨਾਂ ਪਾਸ ਇਕ ਮਿੰਟ-ਸਕਿੰਟ ਦੀ ਵੇਹਲ ਵੀ ਨਹੀਂ ਹੁੰਦੀ। ਹਫਤਾ ਕੁ ਸਿਆਹੀ ਤਿਆਰ ਕਰਨ ਤੇ ਹੀ ਲਗ ਗਿਆ। ਜਦ ਸਿਆਹੀ ਤਿਆਰ ਹੋ ਗਈ ਤਾਂ ਕਲਮਾਂ ਦੀ ਖੋਜ ਸ਼ੁਰੂ ਕੀਤੀ ਅਤੇ ਗੁਰਮਤਿ ਅਨੁਸਾਰ ਕਲਮ, ਸਿਆਹੀ ਤੇ ਪੋਥੀਆਂ ਲੈ ਕੇ ਇੰਜ ਸਜ ਗਏ ਜਿਵੇਂ ਕਿ ਪੁਰਾਤਨ ਗੁਰਸਿਖ ਲਿਖਤਾਂ ਲਿਖਿਆ ਕਰਦੇ ਸਨ। ਇਥੇ ਚੰਡੀਗੜ੍ਹ ਵਿਖੇ ਹੀ ਡਾਕਟਰ ਸਾਹਿਬ ਨੇ ਕਾਫੀ ਬਹੁ-ਸ਼ਬਦੀ ਪੋਥੀਆਂ ਲਿਖੀਆਂ, ਮੂਲ ਮੰਤਰ ਦਾ ਜਾਪ ਬੇਅੰਤ ਵਾਰੀ ਲਿਖਿਆ। ਇਹ ਪੋਥੀਆਂ ਹੁਣ ਤੱਕ ਬੀਬੀ ਜੀ ਪਾਸ ਸਾਂਭੀਆਂ ਪਈਆਂ ਹਨ। ਇਹਨਾਂ ਪੋਥੀਆਂ ਦੀ ਖੂਬਸੁਰਤ ਲਿਖਤ, ਇਕ ਮੂੰਹ-ਬੋਲਦੀ ਤਸਵੀਰ ਹੈ। ਕਿੰਨਾ ਸਿਦਕ, ਪ੍ਰੇਮ ਤੇ ਵੈਰਾਗ ਸੀ ਡਾਕਟਰ ਸਾਹਿਬ ਦਾ ਗੁਰਬਾਣੀ ਪ੍ਰਤੀ। ਪਿਆਰ ਵਾਲਾ ਤਾਂ ਅਥਾਹ ਸਮੁੰਦਰ ਹੀ ਹੋਵੇਗਾ। ਇਕ ਪੋਥੀ ਵਿਚੋਂ ਕੁਝ ਸ਼ਬਦ ਦੇਖੋ, ਜਿਨ੍ਹਾਂ ਦੀਆਂ ਪਹਿਲੀਆਂ ਤੁਕਾਂ ਇਸ ਪ੍ਰਕਾਰ ਹਨ :-

1) **ਅਬ ਤਬ ਜਬ ਕਬ ਤੁਹੀ ਤੁਹੀ।।**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ - ਅੰਗ ੯੬੯)

2) **ਮਾਈ ਸਤਿ ਸਤਿ ਸਤਿ ਹਰਿ ਸਤਿ ਸਤਿ ਸਤਿ ਸਾਧਾ।।**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ - ਅੰਗ ੧੨੦੪)

3) **ਮਾਈ ਮੋਹਿ ਅਵਰੁ ਨ ਜਾਨਿਓ ਆਨਾਨਾਂ।।**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ - ਅੰਗ ੩੩੯)

4) **ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ।।**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ - ਅੰਗ ੬੧੦)

5) **ਰਾਇਸਾ ਪਿਆਰੇ ਕਾ ਰਾਇਸਾ ਜਿਤੁ ਸਦਾ ਸੁਖੁ ਹੋਈ।।**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ - ਅੰਗ ੭੨੪)

6) **ਬਾਬਾ ਮਨੁ ਮਤਵਾਰੋ ਨਾਮ ਰਸੁ ਪੀਵੈ ਸਹਜ ਰੰਗ ਰਚਿ ਰਹਿਆ।।**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ - ਅੰਗ ੩੬੦)

7) **ਬਾਬਾ ਮਨਿ ਸਾਚਾ ਮੁਖਿ ਸਾਚਾ ਕਹੀਐ ਤਰੀਐ ਸਾਚਾ ਹੋਈ।।**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ - ਅੰਗ ੧੩੨੮)

ਏਸ ਤੋਂ ਇਲਾਵਾ ਹੋਰ ਵੀ ਬੇਅੰਤ ਸ਼ਬਦ ਹਨ।

3) ਬੀਬੀ ਮਹਿੰਦਰ ਕੌਰ ਜੀ ਨੇ ਦੱਸਿਆ ਕਿ ਜਦੋਂ ਡਾਕਟਰ ਸਾਹਿਬ ਰਾਤ ਉਹਨਾਂ ਪਾਸ ਟਿਕਦੇ ਸਨ ਤਾਂ ਕਦੀ ਵੀ ਉਹਨਾਂ ਨੂੰ ਸੁਤਿਆਂ ਨਹੀਂ ਸੀ ਪਾਇਆ ਗਿਆ। ਉਹ ਸੁਚੇਤ ਅਟੰਕ ਬਿਰਤੀ 'ਚ ਰਹਿੰਦੇ ਸਨ। ਹੋਰਨਾਂ ਨੂੰ ਭਰਮ-ਭੁਲਾਵੇ ਵਿਚ ਰਖ ਕੇ ਐਵੇਂ ਝੂਠੀ-ਮੂਠੀ ਨੀਂਦਰ ਨਿੰਦਰਾਉਂਦੇ, ਪਰ ਅਸਲ 'ਚ ਤਾਂ ਉਹ ਸਦਾ ਜਾਗਤ ਹੀ ਰਹਿੰਦੇ ਸਨ।

4) ਬੀਬੀ ਜਗਦੀਸ਼ ਕੌਰ ਜੀ ਨੇ ਦੱਸਿਆ ਕਿ ਡਾਕਟਰ ਸਾਹਿਬ ਹਸਮੁਖ ਵੀ ਬੜੇ ਸਨ। ਇਕ ਵੇਰਾਂ ਲੋਹੜੀ ਦੇ ਤਿਉਹਾਰ ਉਤੇ ਬੱਚਿਆਂ ਨਾਲ ਰਲ ਕੇ ਲੋਹੜੀ ਮੰਗਣ ਆ ਗਏ। ਝੰਗਲਮਾਟਾ ਜਿਹਾ ਕੀਤਾ ਹੋਇਆ ਸੀ ਅਤੇ ਪਹਿਚਾਣੇ ਨਹੀਂ ਸਨ ਜਾਂਦੇ।

ਬੱਚਿਆਂ ਵਿਚ ਹੀ ਰਲ ਕੇ ਸੁੰਦਰ ਮੁੰਦਰੀਏ-ਹੇ ਤੇਰਾ ਕੌਣ ਵਿਚਾਰਾ-ਹੇ ਕਹਿ ਰਹੇ ਸਨ। ਬੀਬੀ ਜੀ ਦੱਸਦੇ ਹਨ ਕਿ ਉਹ ਅੰਦਰ ਰਸੋਈ ਵਿਚ ਸਨ ਅਤੇ ਪਹਿਲੋਂ ਹੀ ਬੱਚਿਆਂ ਦੀ ਆਮਦ ਤੋਂ ਖਿਝੇ ਪਏ ਸਨ। ਬੀਬੀ ਜੀ ਨੇ ਅੰਦਰੋਂ ਹੀ ਕਹਿ ਦਿੱਤਾ, ''ਜਾਉ ਨਠੋ, ਘੜੀ ਮੁੜੀ ਮੁੜ-ਮੁੜ ਕੇ ਆਈ ਜਾ ਰਹੇ ਹੋ।'' ਪਰ ਉਸੇ ਵਕਤ ਪਤਾ ਨਹੀਂ ਕੀ ਕਲਾ ਵਰਤੀ ਅਤੇ ਬੀਬੀ ਜੀ ਬਾਹਰ ਆ ਗਏ। ਵੇਖਿਆ ਤਾਂ ਬੱਚਿਆਂ ਵਿਚ ਡਾਕਟਰ ਸਾਹਿਬ ਹਨ। ਬੀਬੀ ਜੀ ਬਹੁਤ ਪਛਤਾਏ, ਪਰ ਡਾਕਟਰ ਸਾਹਿਬ ਬੜੇ ਖੁਸ਼ ਅਤੇ ਹੱਸ ਰਹੇ ਸਨ। ਬੀਬੀ ਜੀ ਨੇ ਡਾਕਟਰ ਸਾਹਿਬ ਦੀ ਆਉ-ਭਗਤ ਕੀਤੀ ਅਤੇ ਡਾਕਟਰ ਸਾਹਿਬ ਨੇ ਬਹੁਤ ਪਿਆਰ ਜਤਾਇਆ ਅਤੇ ਨਾਲ ਹੀ ਕਿਹਾ ਕਿ ਜੇ ਰੱਬ ਦੇ ਛੋਟੇ ਅਕਾਰ ਵਿਚ ਦਰਸ਼ਨ ਪਰਸਨੇ ਹੋਣ ਤਾਂ ਇਕ ਬੱਚੇ ਦੇ ਦਰਸ਼ਨ ਕਰੋ, ਕਿਉਂਕਿ ਬੱਚੇ ਦੀ ਆਤਮਾ ਸ਼ੁਧ ਅਤੇ ਸਪਸ਼ਟ ਹੁੰਦੀ ਹੈ ਅਤੇ ਹਿਰਦਾ ਸ਼ੀਤਲ ਅਤੇ ਸ਼ਾਂਤ ਹੋਇਆ ਕਰਦਾ ਹੈ।

ਇਥੇ ਹੀ ਬੈਠਿਆਂ ਬੈਠਿਆਂ ਡਾਕਟਰ ਸਾਹਿਬ ਪਾਸ ਭਾਈ ਪ੍ਰੀਤਮ ਸਿੰਘ ਜੀ ਨੇ ਬੇਨਤੀ ਕੀਤੀ ਕਿ ਸਿਹਤ ਵਿਚ ਖਰਾਬੀ ਹੈ। ਡਾਕਟਰ ਸਾਹਿਬ ਨੇ ਉਹਨਾਂ ਨੂੰ ਦਵਾਈਆਂ ਲਿਖ ਦਿਤੀਆਂ ਅਤੇ ਨਾਲ ਹੀ ਕਿਹਾ ਕਿ ਭਾਈ ਗੁਰਦਾਸ ਜੀ ਦੀ 17ਵੀਂ ਵਾਰ ਦੀ 13ਵੀਂ ਪਉੜੀ ਵੀ ਲਿਖੋ :-

ਰੋਗੀ ਮਾਣਸ ਹੋਇ ਕੈ ਫਿਰਦਾ ਬਾਹਲੇ ਵੈਦ ਪੁਛੰਦਾ।
ਕਚੈ ਵੈਦ ਨ ਜਾਣਨੀ ਵੇਦਨ ਦਾਰੂ ਰੋਗੀ ਸੰਦਾ।
ਹੋਰੋ ਦਾਰੂ ਰੋਗੁ ਹੋਰਿ ਹੋਇ ਪਚਾਇੜ ਦੁਖ ਸਹੰਦਾ।
ਆਵੈ ਵੈਦੁ ਸੁਵੈਦੁ ਘਰਿ ਦਾਰੂ ਦਸੈ ਰੋਗੁ ਲਹੰਦਾ।
ਸੰਜਮਿ ਰਹੈ ਨ ਖਾਇ ਪਥੁ ਖਟਾ ਮਿਠਾ ਸਾਉ ਚਖੰਦਾ।
ਦੋਸੁ ਨ ਦਾਰੂ ਵੈਦ ਨੋ ਵਿਣੁ ਸੰਜਮਿ ਨਿਤ ਰੋਗੁ ਵਧੰਦਾ।
ਕਪਟ ਸਨੇਹੀ ਹੋਇ ਕੈ ਸਾਧਸੰਗਤਿ ਵਿਚਿ ਆਇ ਬਹੰਦਾ।
ਦੁਰਮਤਿ ਦੂਜੈ ਭਾਇ ਪਚੰਦਾ।੧੩।

ਇਸ ਪਉੜੀ ਨੂੰ ਲਿਖਾ ਕੇ ਡਾਕਟਰ ਸਾਹਿਬ ਨੇ ਲਿਖਤ ਨੂੰ ਆਪਣੇ ਹੱਥ 'ਚ ਲੈ ਕੇ ਫਿਰ ਪੜ੍ਹਿਆ ਅਤੇ ਜਿਥੇ ਕਿਤੇ ਲਗਾਂ ਮਾਤਰਾਂ ਲੱਗਣ ਵਾਲੀਆਂ ਸਨ, ਲਾਈਆਂ ਅਤੇ ਬਿਲਕੁਲ ਸ਼ੁੱਧ ਕਰਕੇ, ਕਹਿਣ ਲੱਗੇ, ''ਭਾਈ ਸਾਹਿਬ ਜੀ, ਗੁਰਬਾਣੀ ਦਾ ਸ਼ੁੱਧ ਲਿਖਣਾ ਅਤੇ ਸ਼ੁੱਧ ਉਚਾਰਣਾ ਹਰ ਗੁਰਸਿਖ ਲਈ ਬਹੁਤ ਲਾਜ਼ਮੀ ਹੈ। ਜਿਹੜਾ ਗੁਰਸਿਖ

ਗੁਰਬਾਣੀ ਦਾ ਸ਼ੁੱਧ ਪਾਠ ਕਰਦਾ ਹੈ, ਗੁਰੂ ਸਾਹਿਬ ਦੀਆਂ ਬੇਅੰਤ ਖੁਸ਼ੀਆਂ ਮਾਣਦਾ ਹੈ।'' ਇਸ ਪਉੜੀ ਦੇ ਭਾਵ-ਅਰਥ ਨੂੰ ਸਮਝ ਕੇ ਭਾਈ ਪ੍ਰੀਤਮ ਸਿੰਘ ਜੀ ਨੇ ਡਾਕਟਰ ਸਾਹਿਬ ਦੀ ਦੱਸੀ ਹੋਈ ਦਵਾਈ ਨੂੰ ਪੂਰੇ ਸੰਜਮ ਨਾਲ ਵਰਤਿਆ ਅਤੇ ਰੋਗ ਤੋਂ ਛੁਟਕਾਰਾ ਪਾਇਆ। ਡਾਕਟਰ ਸਾਹਿਬ ਆਪ ਹੀ ਕਿਹਾ ਕਰਦੇ ਸਨ ਕਿ ਹਰ ਔਖਧੀ ਲਈ ਸੰਜਮ ਜ਼ਰੂਰੀ ਹੈ। ਡਾਕਟਰ ਸਾਹਿਬ ਸਹੀ ਅਰਥਾਂ ਵਿਚ ਡਾਕਟਰ ਸਨ। ਉਹ ਸਰੀਰਕ, ਮਾਨਸਿਕ ਅਤੇ ਆਤਮਿਕ ਰੋਗਾਂ ਦੇ ਜਾਣੂ-ਪਛਾਣੂ ਸਨ। ਦੂਰੋਂ ਹੀ ਦੇਖ ਕੇ ਪਹਿਚਾਣ ਜਾਂਦੇ ਸਨ ਕਿ ਕਿਸ ਵਿਚ ਕੀ ਨੁਕਸ ਹੈ। ਹਰੇਕ ਤੇ ਪਰਉਪਕਾਰ ਹੀ ਕਰਦੇ ਸਨ।

5) ਇਕ ਗੱਲ ਇਹ ਵੀ ਸੀ ਕਿ ਡਾਕਟਰ ਸਾਹਿਬ ਗੁਰਮੁਖਾਂ ਦੇ ਸਾਹਮਣੇ ਅੱਖ ਉੱਚੀ ਨਹੀਂ ਸਨ ਕਰਦੇ। ਇਸ ਦੀ ਪਰਤੱਖ ਮਿਸਾਲ ਦੇਖਣ ਵਿਚ ਵੀ ਆਈ। ਇਕੇਰਾਂ ਸ੍ਰੀ ਅਮ੍ਰਿਤਸਰ ਸਾਹਿਬ ਡਾਕਟਰ ਸਾਹਿਬ, ਭਾਈ ਕੰਵਰ ਸਿੰਘ ਜੀ ਦੇ ਘਰ ਆਏ, ਜਿਥੇ ਕਿ ਉਹਨਾਂ ਦਾ ਭਣੇਵਾਂ ਭਾਈ ਗੁਰਸ਼ਰਨ ਸਿੰਘ ਅਰਾਮ ਕਰ ਰਿਹਾ ਸੀ। ਅਜੇ ਚਾਹ ਪੀ ਕੇ ਹੀ ਹਟੇ ਸਨ ਕਿ ਕਹਿਣ ਲਗੇ ਬਾਊ ਮਲ ਸਿੰਘ ਜੀ ਦੀ ਤਾਰ ਖੜਕੀ ਹੈ, ਉਹ ਯਾਦ ਕਰ ਰਹੇ ਹਨ। ਜਲਦੀ ਹੀ ਤਿਆਰ ਹੋ ਕੇ ਆਪਣੇ ਭਣੇਵੇਂ ਅਤੇ ਇਕ ਹੋਰ ਸਿੰਘ ਨੂੰ ਨਾਲ ਲੈ ਕੇ ਸਾਈਕਲਾਂ ਤੇ ਰਾਣੀ ਕੇ ਬਾਗ, ਜਥੇਦਾਰ ਰਾਮ ਸਿੰਘ ਜੀ ਦੇ ਨਿਵਾਸ ਤੇ ਪੁਜ ਗਏ। ਵਿਹੜੇ ਵਿਚ ਖੜ ਕੇ ਸਿੰਘਾਂ ਨੂੰ ਕਹਿਣ ਲਗੇ, ਦੇਖੋ ਬਾਊ ਜੀ ਲੰਗਰ ਛਕ ਚੁਕੇ ਹਨ। ਦੇਖਿਆ ਤਾਂ ਠੀਕ ਬਾਊ ਜੀ ਪਰਸ਼ਾਦਾ ਛਕ ਕੇ ਬਾਹਰ ਜਾਣ ਵਾਸਤੇ ਆ ਰਹੇ ਸਨ। ਅੱਗੇ ਹੋ ਨਿਮਰੀਭੂਤ, ਜਲ ਵਤ ਵਹਿ ਕੇ ਬਿਲਕੁਲ ਨੀਵੇਂ ਹੋ, ਧੀਮੀ ਜਿਹੀ ਸੁਰ ਵਿਚ ਫਤੇ ਗਜਾਈ। ਆਪ ਜੀ ਨੇ ਆਪਣੀਆਂ ਅੱਖਾਂ ਬਾਊ ਜੀ ਦੇ ਚਰਨਾਂ ਤੱਕ ਹੀ ਸੀਮਤ ਰਖੀਆਂ ਅਤੇ ਬਾਊ ਜੀ ਦੇ ਚਿਹਰੇ ਵਲ ਦੇਖਣ ਦੀ ਜੁਰਅਤ ਤੱਕ ਨਾ ਕੀਤੀ। ਬਾਊ ਜੀ ਨੇ ਡਾਕਟਰ ਸਾਹਿਬ ਨੂੰ ਗਲ ਨਾਲ ਲਾ ਕੇ ਬਹੁਤ ਪਿਆਰ ਕੀਤਾ। ਭਾਈ ਗੁਰਸ਼ਰਨ ਸਿੰਘ ਅਤੇ ਨਾਲ ਦਾ ਸਿੰਘ ਇਹ ਨਜ਼ਾਰਾ ਬੜੇ ਗੌਰ ਨਾਲ ਤੱਕ ਰਹੇ ਸਨ। ਦੇਖਿਆ ਤਾਂ ਡਾਕਟਰ ਸਾਹਿਬ ਦੇ ਨੈਣਾਂ ਵਿਚੋਂ ਪਰਲ-ਪਰਲ ਹੰਝੂ ਵਹਿ ਰਹੇ ਹਨ। ਇਵੇਂ ਲਗੇ ਕਿ ਡਾਕਟਰ ਸਾਹਿਬ ਡਿੱਗੇ ਕਿ ਡਿੱਗੇ। ਕਾਫੀ ਬਖਸ਼ਿਸ਼ਾਂ ਦੇ ਕੇ ਬਾਊ ਜੀ ਜਥੇਦਾਰ ਰਾਮ ਸਿੰਘ ਜੀ ਦੇ ਨਾਲ ਕਾਰ ਵਿਚ ਤਰਨਤਾਰਨ ਨੂੰ ਚਲ ਪਏ। ਬਾਊ ਜੀ ਨੂੰ ਵਿਦਾ ਕਰਕੇ ਆਪਣੇ ਭਣੇਵੇਂ ਨੂੰ ਸਮਝਾਉਣ ਲਗੇ ਕਿ ਇਹ ਕੋਈ ਛੋਟੀ ਮੋਟੀ ਹਸਤੀ ਨਹੀਂ, ਪੁਗੇ ਹੋਏ ਹਨ।

6) ਜ਼ਮੀਨ, ਜਾਇਦਾਦ, ਕੋਠੀ, ਨੌਕਰ ਚਾਕਰ, ਰੱਜੇ-ਪੁੱਜੇ ਭੈਣਾਂ ਭਰਾ ਅਤੇ ਬਹਿਨੋਈ ਆਦਿ ਸਭ ਕੁਝ ਹੁੰਦਿਆਂ ਸੁੰਦਿਆਂ, ਡਾਕਟਰ ਸਾਹਿਬ ਕੂੜਾਵੀਆਂ ਚਾਕਰੀਆਂ

ਨੂੰ ਲੱਤ ਮਾਰ ਕੇ ਬਿਹੰਗਮ ਬਿਰਤੀ ਵਿਚ ਵਿਚਰ ਕੇ ਪ੍ਰਸੰਨ ਸਨ। ਇਕ ਨਿਕੇ ਜਿੰਨੇ ਫੌਜੀ ਹੈਵਰਸੈਕ (ਥੈਲੇ) ਵਿਚ ਹੀ ਆਪਣੀ ਲੋੜ ਨੂੰ ਸੀਮਤ ਰਖਿਆ। ਅਸਲ ਗੱਲ ਇਹ ਸੀ ਕਿ :

ਲਾਗੀ ਹੋਇ ਸੁ ਜਾਨੈ ਪੀਰ।। ਰਾਮ ਭਗਤਿ ਅਨੀਆਲੇ ਤੀਰ।।੧।। ਰਹਾਉ।।

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ - ਅੰਗ ੩੨੭)

ਇਹ ਪੀੜ ਡਾਕਟਰ ਸਾਹਿਬ ਨੂੰ ਲੱਗ ਚੁਕੀ ਸੀ ਅਤੇ ਮਾਇਆ ਦੇ ਇਸ ਪਸਾਰੇ ਨੂੰ ਨਾਕਹੁ ਕਾਟੀ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ - ਅੰਗ ੪੭੬) ਦੱਸ-ਦੱਸ ਕੇ ਮਾਇਆ-ਧਾਰੀਆਂ ਨੂੰ ਸਮਝਾਇਆ ਕਰਦੇ ਸਨ।

ਆਪ ਜੀ ਦੀ ਕਾਫੀ ਜ਼ਮੀਨ ਅਤੇ ਦੇਹਰਾਦੂਨ ਵਿਚ ਬਹੁਤ ਵੱਡੇ ਬੰਗਲੇ ਦੀ ਮਾਲਕੀ ਸੀ। ਉਥੋਂ ਨਿੱਜੀ ਗੁਜ਼ਾਰੇ ਲਈ ਨਿਰਬਾਹ ਮਾਤਰ ਮਾਇਆ ਲਿਆ ਕਰਦੇ, ਬਾਕੀ ਲੋੜਵੰਦਾਂ ਵਿਚ ਦੇ ਛੱਡਦੇ, ਜਾਂ ਦਵਾਈਆਂ ਆਦਿ ਤੇ ਖਰਚ ਕਰ ਕੇ ਸਿੰਘਾਂ ਦੀ ਸੇਵਾ ਕਰਦੇ। ਚਾਹੁੰਦੇ ਤਾਂ ਹਜ਼ਾਰਾਂ ਰੁਪਏ ਕਰਾਇਆ ਹੀ ਲੈ ਸਕਦੇ ਸਨ, ਪਰ ਆਪ ਜੀ ਨੇ ਮਾਇਆ ਸਰਪਣੀ ਨੂੰ ਪੈਰਾਂ ਹੇਠ ਹੀ ਰਖਿਆ, ਉਪਰ ਨਹੀਂ ਉਠਣ ਦਿੱਤਾ।

ਇਕ ਵੇਰਾਂ ਕਹਿਣ ਲੱਗੇ, ''ਭਾਈ ਮੇਰੇ ਪਾਸ ਇਕ ਬੰਗਲਾ ਹੈ। ਪਰ ਉਸ ਦਾ ਮੁਕੱਦਮਾ ਚਲਦਾ ਹੈ।'' ਬੜੇ ਹੀ ਉਤਸੁਕਤਾ ਨਾਲ ਜਦੋਂ ਪੁਛਿੱਆ ਗਿਆ ਤਾਂ ਕਹਿਣ ਲਗੇ, ''ਮੁਕੱਦਮਾ ਕੋਈ ਖ਼ਾਸ ਨਹੀਂ, ਪਰ ਹੈ ਵੀ ਬੜਾ ਪੇਚੀਦਾ। ਕਿਤੇ ਕਾਨੂੰਨ ਦੀਆਂ ਕਿਤਾਬਾਂ ਵਿਚ ਉਸ ਦਾ ਜ਼ਿਕਰ ਨਹੀਂ ਹੈ। ਉਹ ਇਹ ਹੈ ਕਿ ਕਿਰਾਏਦਾਰ ਕਹਿੰਦੇ ਹਨ ਕਿ ਸਾਡੇ ਕੋਲੋਂ ਕਰਾਇਆ ਲਉ ਅਤੇ ਮੈਂ ਕਹਿੰਦਾ ਹਾਂ ਕਿ ਕਰਾਇਆ ਨਹੀਂ ਲੈਣਾ। ਬੱਸ ਇਹੀ ਕੇਸ ਹੈ।'' ਡਾਕਟਰ ਸਾਹਿਬ ਦੇ ਮਾਇਕੀ ਤਿਆਗ ਦਾ ਇਹ ਕਮਾਲ ਹੈ। ਇਸ ਅੱਗੇ ਸਾਡਾ ਸਿਰ ਕਿਵੇਂ ਨਾ ਝੁਕੇ!

ਅਕਾਲ ਚਲਾਣਾ

ਓੜਕ ਇਹ ਭਜਨੀਕ ਰੂਹ ਸਤਿਗੁਰਾਂ ਦੇ ਹੁਕਮ ਵਿਚ ਬੈਰਾਗੀ ਤਿਆਗੀ ਜੀਵਨ ਬਤੀਤ ਕਰਦੀ ਹੋਈ ਮਿਤੀ 14 ਮਈ 1983 ਨੂੰ 56 ਸਾਲ 6 ਮਹੀਨੇ 15 ਦਿਨ ਦੀ ਆਯੂ ਭੋਗ ਕੇ ਕਰਨਲ ਬੈਰਾੜ ਦੀ ਕੋਠੀ ਵਿਚ ਅਰੂਪ ਦੇਸ਼ ਨੂੰ ਉਡਾਰੀਆਂ ਮਾਰ ਗਈ। ਡਾਕਟਰ ਸਾਹਿਬ ਦੀ ਹਦਾਇਤ ਅਨੁਸਾਰ ਪਹਿਲਾਂ ਕਿਸੇ ਨੂੰ ਵੀ ਖਬਰ ਨਾ ਦਿੱਤੀ ਗਈ

ਪਰ ਉਪਰੰਤ ਉਨ੍ਹਾਂ ਦੀ ਮਿੱਠੀ ਯਾਦ ਨੂੰ ਸਮਰਪਿਤ ਦੇਸ਼ਾਂ-ਵਿਦੇਸ਼ਾਂ ਵਿਚ ਸ੍ਰੀ ਅਖੰਡ ਪਾਠ ਸਾਹਿਬ ਅਤੇ ਕੀਰਤਨ ਸਮਾਗਮ ਰਖ ਕੇ ਭੋਗ ਪਾਏ ਗਏ।

ਡਾਕਟਰ ਸਾਹਿਬ ਆਪਣੇ ਸੱਜਣਾਂ ਸਾਥੀਆਂ ਨੂੰ ਕਈ ਵੇਰਾਂ ਇਸ਼ਾਰੇ ਮਾਤਰ ਦੱਸ ਦਿਆ ਕਰਦੇ ਸਨ ਕਿ -

ਨਦੀ ਨਾਵ ਸੰਜੋਗੁ ਮੇਲੁ ਮਿਲਾਇਆ।

(ਭਾਈ ਗੁਰਦਾਸ ਜੀ - ਵਾਰ ੧੯, ਪਉੜੀ ੮)

ਦਿਨ ਥੋੜੜੇ ਹੀ ਬਾਕੀ ਹਨ। ਪਰ ਇਹ ਯਕੀਨ ਨਹੀਂ ਸੀ ਬੱਝਦਾ ਅਤੇ ਨਾ ਹੀ ਅਜੇ ਤੱਕ ਮੰਨਣ ਵਿਚ ਆਉਂਦਾ ਹੈ ਕਿ ਉਹ ਸਾਥੋਂ ਸਦੀਵੀ ਵਿਛੜ ਗਏ ਹਨ। ਆਪ ਦਾ ਵਿਛੋੜਾ ਅਨੁਭਵ ਕਰਕੇ ਅੱਜ ਵੀ ਮਨਾਂ ਵਿਚ ਬੈਰਾਗ ਦਾ ਹੜ੍ਹ ਆ ਜਾਂਦਾ ਹੈ।

ਕੀ ਹੁਣ ਕੀਰਤਨ-ਮੰਡਲਾਂ ਵਿਚ ਡਾਕਟਰ ਜੀ ਹੋਰਾਂ ਦੇ ਦਰਸ਼ਨ ਦੀਦਾਰੇ ਨਹੀਂ ਹੋਣਗੇ! ਹਿਰਦੇ ਵਿਚੋਂ ਇਹ ਹੂਕ ਨਿਕਲ ਕੇ ਰਹਿ ਜਾਂਦੀ ਹੈ।

II

ਡਾਕਟਰ ਸਾਹਿਬ ਜੀ ਦੇ ਪ੍ਰੀਤਵਾਨਾਂ ਵਲੋਂ

ਡਿੱਠੇ, ਸੁਣੇ ਅਤੇ ਹੱਡੀਂ ਵਾਪਰੇ ਬਿਰਤਾਂਤ

ਗੁਰਮੁਖ ਪਰਉਪਕਾਰੀ ਡਾਕਟਰ ਸੁਰਿੰਦਰ ਸਿੰਘ ਜੀ

- ਪ੍ਰੋਫੈਸਰ ਠਾਕੁਰ ਸਿੰਘ ਜੀ

ਦਾਸ ਇਹਨਾਂ ਗੁਰੂ ਵਰੋਸਾਏ ਪਿਆਰਿਆਂ ਨੂੰ ਬਚਪਨ ਤੋਂ ਹੀ ਜਾਣਦਾ ਹੈ ਜਦੋਂ ਇਹ ਉਕਾੜੇ ਪਾਸ ਆਪਣੇ ਪਿੰਡ ਰਿਹਾ ਕਰਦੇ ਸਨ। ਤਦੋਂ ਇਹ ਹੋਣਹਾਰ ਬੱਚਾ ਆਪਣੀ ਮਾਤਾ ਤੇਜ ਕੌਰ ਜੀ ਦੀਆਂ, ਗੁਰਬਾਣੀ ਦੀ ਧੁੰਨੀ ਵਿਚ, ਲੋਰੀਆਂ ਲੈਂਦੇ ਸਨ।

ਇਕ ਵੇਰੀ ਸੂਬੇਦਾਰ ਹਰਿਬਚਨ ਸਿੰਘ ਜੀ ਜਦੋਂ ਮੇਰੇ ਪਾਸ ਲੁਧਿਆਣੇ ਰਹਿ ਰਹੇ ਸਨ, ਅੰਮ੍ਰਿਤ ਵੇਲੇ ਨਿਤਨੇਮ ਕਰਕੇ, ਸਤਿਗੁਰੂ ਜੀ ਦਾ ਦਰਸ਼ਨ ਕਰ ਰਹੇ ਸਾਂ ਤਾਂ ਬੜੇ ਹੀ ਵੈਰਾਗ-ਭਰੀ ਉਦਾਸੀ ਵਿਚ ਕਹਿਣ ਲਗੇ, ਠਾਕੁਰ ਸਿੰਘ, ਦੁਨੀਆਂ ਵਿਚੋਂ ਸਾਰੇ ਅਲੱਗ-ਅਲੱਗ ਜਾਂਦੇ ਹਨ। ਮੇਰੀ ਸਿੰਘਣੀ ਤੇਜ ਕੌਰ ਕਮਰਕਸੇ ਕਰ ਗਏ ਹਨ। ਉਹਨਾਂ ਨੂੰ ਭੁਲਾਣਾ ਬੜਾ ਮੁਸ਼ਕਲ ਹੈ। ਹਮੇਸ਼ਾਂ ਅੰਮ੍ਰਿਤ ਵੇਲੇ, ਇਸ਼ਨਾਨ ਕਰ ਕੇ ਸਾਰਾ ਨਿਤਨੇਮ ਬੜੇ ਪ੍ਰੇਮ ਨਾਲ ਸੁਨਾਣਾ ਤੇ ਸੁਖਮਨੀ ਸਾਹਿਬ ਜੋ ਉਹਨਾਂ ਨੂੰ ਕੰਠਾਗਰ ਸੀ, ਬੜੇ ਰੰਗ ਅਤੇ ਮਿੱਠੀ ਧੁੰਨੀ ਵਿਚ ਸੁਣਾ ਕੇ ਉਸ ਮੰਡਲ ਨੂੰ ਹੀ ਮਹਿਕਾ ਦਿੰਦੇ ਸਨ। ਹੁਣ ਉਸ ਪਾਠ ਤੋਂ ਵਾਂਝੇ ਹੋ ਗਏ ਹਾਂ ਤੇ ਇਸ ਕਰਕੇ ਉਹ ਬੜੇ ਯਾਦ ਆਉਂਦੇ ਹਨ। ਵਾਹਿਗੁਰੂ ਪਿਤਾ ਪਾਸ ਉਨ੍ਹਾਂ ਬਾਬਤ ਅਰਦਾਸਾ ਕਰਦਾ ਰਹਿੰਦਾ ਹਾਂ।

ਡਾਕਟਰ ਸੁਰਿੰਦਰ ਸਿੰਘ ਜੀ ਆਪਣੇ ਮਾਤਾ ਪਿਤਾ ਵਲੋਂ ਬਹੁਤ ਹੀ ਨਸੀਬਾਂ ਵਾਲੇ ਸਨ। ਛੋਟੀ ਉਮਰ ਤੋਂ ਹੀ ਇਹਨਾਂ ਉਪਰ ਗੁਰਸਿਖੀ ਤੇ ਗੁਰਮਤਿ ਦਾ ਰੰਗ ਚੜ੍ਹ ਰਿਹਾ ਸੀ। ਫਿਰ ਹੁਕਮ ਵਿਚ ਸੂਬੇਦਾਰ ਸਾਹਿਬ ਵੀ ਰੱਬ ਨੂੰ ਪਿਆਰੇ ਹੋ ਗਏ ਤੇ ਹਮੇਸ਼ਾਂ ਲਈ ਵਿਛੋੜਾ ਦੇ ਗਏ। ਡਾਕਟਰ ਸੁਰਿੰਦਰ ਸਿੰਘ ਜੀ ਅਤੇ ਹੋਰ ਪਰਿਵਾਰ ਆਪਣੇ ਤਾਇਆ ਸ. ਹਰਦਿਤ ਸਿੰਘ ਜੀ ਪਾਸ ਚਲੇ ਗਏ, ਜਿਨ੍ਹਾਂ ਦਾ ਜ਼ਿਕਰ ਪਹਿਲੀਆਂ ਕਿਸ਼ਤਾਂ ਵਿਚ ਆ ਚੁਕਾ ਹੈ।

ਤਦੋਂ ਤੋਂ ਇਹ ਸ੍ਰੀ ਅੰਮ੍ਰਿਤਸਰ ਸਾਹਿਬ ਹੀ ਰਹਿਣ ਲਗ ਪਏ ਅਤੇ ਬਾਬਾ ਬੁਢਾ ਜੀ ਦੀ ਬੇਰ ਹੇਠ ਬਿਰਾਜਮਾਨ ਹੋ ਦਰਸ਼ਨ ਦਿਦਾਰ ਬਖਸ਼ਦੇ ਰਹੇ। ਦਿਨ ਰਾਤ ਕੀਰਤਨ ਸ੍ਰਵਣ ਕਰਨਾ, ਕੀਰਤਨ ਦੀ ਸਮਾਪਤੀ ਉਪਰੰਤ ਸਚਖੰਡ ਸਾਹਿਬ ਜੀ ਦੇ ਇਸ਼ਨਾਨ ਦੀ ਸੇਵਾ ਵਿਚ ਜੁੱਟ ਜਾਣਾ। ਅਨਦਿਨ ਜਾਗਦਿਆਂ ਹੀ ਵਿਹਾਵਣੀ। ਇਸ਼ਨਾਨ ਉਪਰੰਤ ਅੰਦਰ ਬੜੇ ਹੀ ਅਟੰਕ ਬਿਰਤੀ ਵਿਚ ਜੁੜ ਕੇ ਗੁਰੂ ਦੀ ਸੰਗਤ ਨੂੰ ਜੀ ਆਇਆ ਕਹਿਣਾ। ਇੰਜ ਜਾਪਦਾ ਕਿ ਉਹ ਰੋਮ-ਰੋਮ ਹੋ ਸਮੁੱਚੀ ਸਾਧ ਸੰਗਤ ਦੇ ਚਰਨਾਂ ਦੀ ਸੁਧਾ ਸਪਰਸ਼ ਮਾਣ ਕੇ ਲਹਿਰੇ ਲੈ ਰਹੇ ਹੋਣ। ਕਈ ਵੇਰਾਂ ਭਾਈ ਗੁਰਸ਼ਰਨ ਸਿੰਘ, ਜੋ ਇਹਨਾਂ ਦਾ ਭਣੇਵਾਂ ਹੈ, ਉਹ ਵੀ ਸੇਵਾ ਵਿਚ ਤਿਆਰ-ਬਰ-ਤਿਆਰ ਹਾਜ਼ਰ ਪਾਇਆ ਜਾਂਦਾ ਅਤੇ ਡਾਕਟਰ ਜੀ ਵਾਂਗ ਹੀ ਬਾਣੇ ਵਿਚ ਸ਼ਸ਼ੋਭਤ ਸੰਗਤਾਂ ਦੀ ਟਿਕਟਿਕੀ ਲਾ ਉਡੀਕ ਵਿਚ ਖੜਾ ਪਾਇਆ ਜਾਂਦਾ।

ਪਿਆਰੇ ਬਾਊ ਮਲ ਸਿੰਘ ਜੀ ਨੂੰ ਡਾਕਟਰ ਜੀ ਆਪਣੇ ਪਿਤਾ ਜੀ ਵਾਂਗ ਹੀ ਜਾਣਦੇ ਸਨ ਅਤੇ ਜਦੋਂ ਤਰਨਤਾਰਨ ਜਾਣਾ, ਬੱਸ ਬਾਊ ਜੀ ਦੇ ਪਿਆਰ ਦੀਆਂ ਲੋਰੀਆਂ ਵਿਚ ਹੀ ਮੁਗਧ ਰਹਿਣਾ ਅਤੇ ਅਨੰਦ ਮਾਣਦੇ ਰਹਿਣਾ। ਜਦੋਂ ਬਾਊ ਜੀ ਗੁਰਪੁਰੀ ਸਿਧਾਰੇ ਤਾਂ ਉਨ੍ਹਾਂ ਦੇ ਵਿਛੋੜੇ ਦੇ ਸੱਲ ਨੂੰ ਨਾ ਸਹਾਰਦਿਆਂ ਹੋਇਆਂ, ਆਪ ਜੀ ਬੜੇ ਹੀ ਵਿਰੱਕਤ ਵੈਰਾਗ ਅਵਸਥਾ ਵਿਚ ਰਹਿਣ ਲੱਗ ਪਏ। ਸਤਿਕਾਰਯੋਗ ਬਾਊ ਜੀ ਦੀ ਯਾਦ ਨੂੰ ਤਾਜ਼ਾ ਕਰਨ ਲਈ ਆਪ ਉਨ੍ਹਾਂ ਦੇ ਸਪੁੱਤਰ ਕਰਨਲ ਕੁਲਵੰਤ ਸਿੰਘ ਜੀ ਦੇ ਗ੍ਰਹਿ ਆਮ ਹੀ ਆਇਆ ਜਾਇਆ ਕਰਦੇ ਅਤੇ ਸ. ਕੁਲਵੰਤ ਸਿੰਘ ਜੀ ਦੀ ਸਿੰਘਣੀ ਨਾਲ ਵੀ ਬੜੇ ਪ੍ਰੇਮ ਨਾਲ ਬਚਨ ਕਰਿਆ ਕਰਦੇ ਸਨ।

ਦੋ ਸਾਲ ਹੋ ਹੀ ਗਏ ਹੋਣਗੇ, ਦਾਸ ਦਾ ਲੀਵਰ (ਜ਼ਿਗਰ) ਖਰਾਬ ਹੋਣ ਕਰਕੇ ਸਰੀਰ ਕੁਝ ਢਿੱਲਾ ਹੋ ਗਿਆ। ਮੈਂ ਗੁਰੂ ਨਾਨਕ ਹਸਪਤਾਲ ਵਿਚ ਚੈੱਕਅੱਪ ਕਰਵਾ ਰਿਹਾ ਸਾਂ ਅਤੇ ਉਹਨਾਂ ਦੇ ਦੱਸਣ ਅਨੁਸਾਰ ਦਵਾਈ ਵਰਤ ਰਿਹਾ ਸਾਂ। ਇਕ ਦਿਨ ਮੈਂ ਹਸਪਤਾਲ ਜਾਣ ਲਈ ਤਿਆਰ ਹੋ ਰਿਹਾ ਸਾਂ ਕਿ ਅਚਾਨਕ ਡਾਕਟਰ ਸੁਰਿੰਦਰ ਸਿੰਘ ਜੀ ਘਰ ਆ ਗਏ। ਸਿਧੇ ਮੇਰੇ ਕਮਰੇ ਵਿਚ ਪੁਜੇ। ਮੈਂ ਬੜਾ ਹੈਰਾਨ ਹੋਇਆ ਕਿ ਇਨ੍ਹਾਂ ਮੇਰਾ ਘਰ ਕਿਵੇਂ ਲੱਭ ਲਿਆ। ਗੁਰੂ ਫਤੇ ਉਪਰੰਤ ਦਾਸ ਨੇ ਬਿਨੈ ਕੀਤੀ ਕਿ ਕਿਵੇਂ ਦਰਸ਼ਨ ਬਖਸ਼ੇ। ਕਹਿਣ ਲਗੇ, ਆਪ ਜੀ ਦਾ ਸਰੀਰ ਕੁਝ ਢਿੱਲਾ ਹੈ ਤੇ ਮੈਂ ਇਲਾਜ ਕਰਨਾ ਚਾਹੁੰਦਾ ਹਾਂ ਮੇਰੇ ਮਨ ਵਿਚ ਖਿਆਲ ਆਇਆ ਕਿ ਇਹ ਵੀ ਕੋਈ ਕੌਤਕ ਹੀ ਹੈ। ਚੋਟੀ ਦੇ ਡਾਕਟਰਾਂ ਦੇ ਚਲ ਰਹੇ ਇਲਾਜ ਨੂੰ ਤਿਲਾਂਜਲੀ ਦੇ ਕੇ, ਇਕ ਗੁਰੂ ਪਿਆਰੇ

ਨਾਮ ਦੇ ਰੰਗਾਂ ਵਿਚ ਰੰਗੇ ਹੋਏ ਡਾਕਟਰ ਜੀ ਦੇ ਇਲਾਜ ਲਈ ਤਿਆਰ ਹੋ, ਆਪਣੇ ਆਪ ਨੂੰ ਡਾਕਟਰ ਸੁਰਿੰਦਰ ਸਿੰਘ ਜੀ ਹੋਰਾਂ ਪਾਸ ਪੇਸ਼ ਕੀਤਾ। ਸੁੱਤੇ ਹੀ ਮੇਰੇ ਮੂੰਹੋਂ ਨਿਕਲਿਆ, ਆਪ ਇਹ ਮੇਰੇ ਤੇ ਬੜਾ ਉਪਕਾਰ ਕਰ ਰਹੇ ਹੋ। ਕਿਹੜੀ ਰਸਨਾ ਨਾਲ ਮੈਂ ਆਪ ਜੀ ਦਾ ਧੰਨਵਾਦ ਕਰਾਂ। ਉਨ੍ਹਾਂ ਮੇਰੇ ਕੋਲੋਂ ਲਿਖਣ ਲਈ ਕਾਗਜ਼ ਮੰਗਿਆ। ਬਿਮਾਰੀ ਪਤਾ ਕਰਨ ਤੋਂ ਉਪਰੰਤ ਬੀਮਾਰੀ ਦੇ ਸਭ ਲਛਣ ਲਿਖ ਲਏ ਅਤੇ ਕਹਿਣ ਲੱਗੇ ਕਿ ਹੁਣ ਸ਼ਾਮੀਂ ਸ੍ਰੀ ਦਰਬਾਰ ਸਾਹਿਬ ਜੀ ਵਿਖੇ ਆਪ ਜੀ ਦੇ ਦਰਸ਼ਨ ਕਰਾਂਗੇ। ਸ਼ਾਮ ਨੂੰ ਸਾਡਾ ਮੇਲ ਬਾਬਾ ਬੁਢਾ ਜੀ ਦੀ ਬੇਰ ਪਾਸ ਹੋਇਆ। ਨਾਲ ਹੀ ਬਿਮਾਰੀ ਦਾ ਪੂਰਾ ਬਿਉਰਾ ਵੀ ਦੱਸ ਦਿੱਤਾ ਅਤੇ ਨਾਲ ਹੀ ਦਵਾਈ ਦਿੱਤੀ। ਦੂਜੇ ਦਿਨ ਤੱਕ ਦਾਸ ਪੰਜਾਹ ਫੀਸਦੀ ਠੀਕ ਮਹਿਸੂਸ ਕਰਨ ਲੱਗਾ। ਜਦੋਂ ਡਾਕਟਰ ਜੀ ਨੂੰ ਦੱਸਿਆ ਕਿ ਮੈਂ ਤਾਂ ਕਾਫੀ ਅਰਾਮ ਮਹਿਸੂਸ ਕਰ ਰਿਹਾ ਹਾਂ ਤਾਂ ਉਹ ਬੜੇ ਖੁਸ਼ ਹੋਏ ਅਤੇ ਕਹਿਣ ਲਗੇ, ਗੁਰੂ ਪਾਤਿਸ਼ਾਹ ਆਪ ਜੀ ਤੇ ਜਲਦੀ ਹੀ ਸਰੀਰਕ ਚੜ੍ਹਦੀ ਕਲਾ ਵੀ ਬਖਸ਼ਿਸ਼ ਕਰ ਦੇਣਗੇ। ਦਾਸ ਨੇ ਦਵਾਈਆਂ ਦੀ ਮਾਇਆ ਦੇਣੀ ਚਾਹੀ, ਪਰ ਉਹ ਮਾਇਆ ਲੈਣ ਵਲੋਂ ਇਨਕਾਰ ਹੀ ਕਰੀ ਜਾਣ। ਹਾਰ ਕੇ ਦਾਸ ਨੇ ਬੇਨਤੀ ਕੀਤੀ ਕਿ ਮੇਰੀ ਮਜ਼ਬੂਰੀ ਹੈ ਕਿ ਮੈਂ ਮੁਫਤ ਇਲਾਜ ਨਹੀਂ ਕਰਾਵਾਂਗਾ। ਫਿਰ ਉਹਨਾਂ ਥੋੜੀ ਜਿਹੀ ਮਾਇਆ ਪ੍ਰਵਾਨ ਕੀਤੀ, ਪਰ ਦੂਜੇ ਦਿਨ ਉਸੀ ਹੀ ਮਾਇਆ ਦੀਆਂ ਦਵਾਈਆਂ ਲੈ ਕੇ ਮੇਰੇ ਕੋਲ ਪੁਜ ਗਏ। ਮਨ ਵਿਚ ਬੜਾ ਪਿਆਰ ਉਗਮਿਆ ਕਿ ਮੈਂ ਇਹਨਾਂ ਦੀ ਸੇਵਾ ਕਿਵੇਂ ਕਰਾਂ। ਇਹਨਾਂ ਦਿਨਾਂ ਵਿਚ ਮੈਂ ਦੇਖਿਆ ਕਿ ਉਹਨਾਂ ਦਾ ਗਰਮ ਸਵੈਟਰ ਬਹੁਤ ਮਸਤਾਨਾ ਹੋ ਗਿਆ ਹੈ। ਅਗਲੇ ਦਿਨ ਮੈਂ ਘਰੋਂ ਬਿਲਕੁਲ ਨਵਾਂ ਸਵੈਟਰ, ਜੋ ਮੈਂ ਲੁਧਿਆਣੇ ਤੋਂ ਲਿਆਂਦਾ ਹੋਇਆ ਸੀ, ਲੈ ਕੇ ਸ੍ਰੀ ਦਰਬਾਰ ਸਾਹਿਬ ਉਨ੍ਹਾਂ ਦੇ ਦਰਸ਼ਨ ਲਈ ਪੁਜਾ। ਹੌਲੇ-ਹੌਲੇ ਬੜੇ ਪ੍ਰੇਮ ਨਾਲ ਬੇਨਤੀ ਕੀਤੀ ਕਿ ਡਾਕਟਰ ਸਾਹਿਬ, ਤੁਹਾਡੇ ਪਾਸੋਂ ਦਾਤਾ ਜੀ ਨੇ ਕਿਤਨੀ ਵੱਡੀ ਸੇਵਾ ਲਈ ਹੈ, ਮੇਰੀ ਬਿਮਾਰੀ ਕਟੀ ਗਈ ਹੈ। ਮੈਂ ਆਪ ਜੀ ਨੂੰ ਇਹ ਸਵੈਟਰ ਪ੍ਰੇਮ ਭੇਟਾ ਕਰਨੀ ਚਾਹੁੰਦਾ ਹਾਂ। ਕਹਿਣ ਲਗੇ, ਇਹ ਨਹੀਂ ਹੋ ਸਕਦਾ, ਮੈਨੂੰ ਕੋਈ ਲੋੜ ਵੀ ਨਹੀਂ ਹੈ। ਇਹ ਦੱਸਣ ਤੋਂ ਵੀ ਸੰਕੋਚ ਕਰਾਂ ਕਿ ਆਪ ਜੀ ਦਾ ਸਵੈਟਰ ਮਸਤਾਨਾ ਹੋ ਚੁਕਾ ਹੈ। ਦੋ ਚਾਰ ਹੋਰ ਤਰਲੇ ਕੱਢੇ, ਹੱਥ ਜੋੜੇ ਕਿ ਮੇਰੀ ਬੇਨਤੀ ਮਨਜ਼ੂਰ ਕਰੋ, ਨਹੀਂ ਤਾਂ ਉਦਾਸ ਹੋ ਜਾਵਾਂਗਾ। ਸਾਰਾ ਜ਼ੋਰ ਲਾਇਆ, ਪਰ ਉਹ ਨਹੀਂ ਮੰਨੇ। ਸੋ ਮਜਬੂਰੀ ਨਿਰਾਸ ਹੋ ਕੇ ਵਾਪਸ ਆ ਗਿਆ। ਉਹ ਪਰਉਪਕਾਰੀ ਹੁੰਦੇ ਹੋਏ ਵੀ ਕਿਸੇ ਪਾਸੋਂ ਕੋਈ ਚੀਜ਼ ਲੈਣ ਤੋਂ ਬਹੁਤ ਹੀ ਸੰਕੋਚ ਕਰਦੇ ਸਨ ਤੇ ਹਮੇਸ਼ਾਂ ਸਿਮਰਨ ਦਾ ਅਨੰਦ ਮਾਣਦੇ ਸਨ।

ਵਲੋਂ ਇਕ ਗੁਰਮਤਿ ਪ੍ਰੇਮੀ

ਲਗਿ ਲਗਿ ਪ੍ਰੀਤਿ ਬਹੁ ਪ੍ਰੀਤਿ ਲਗਾਈ ਲਗਿ ਸਾਧੂ ਸੰਗਿ ਸਵਾਰੇ॥
ਗੁਰ ਕੇ ਬਚਨ ਸਤਿ ਸਤਿ ਕਰਿ ਮਾਨੇ ਮੇਰੇ ਠਾਕੁਰ ਬਹੁਤੁ ਪਿਆਰੇ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ - ਅੰਗ ੯੮੨)

ਜ਼ਿੰਦਗੀ ਇਕ ਚਲਦੀ ਫਿਰਦੀ ਸਰਾਂ ਏਂ, ਜਿਥੇ ਹਰ ਮਨੁੱਖ ਨੂੰ ਕਿਸੇ ਨਾ ਕਿਸੇ ਚੀਜ਼ ਦੀ ਹਰ ਪੜਾਅ ਤੇ ਭਾਲ ਰਹਿੰਦੀ ਏ। ਭਾਵੇਂ ਅੱਜ ਕਲ੍ਹ ਬਹੁਤ ਘੱਟ ਹੀ ਸੱਜਣ ਮਿੱਤਰ ਅਜਿਹੇ ਮਿਲਦੇ ਹਨ ਜਿਨ੍ਹਾਂ ਦੇ ਮਿਲਾਪ ਨਾਲ, ਨੇੜਤਾ ਨਾਲ, ਬੰਦੇ ਦੀ ਰੂਹ ਵਿਚੋਂ ਇਕ ਅੰਮ੍ਰਿਤ ਸਿੰਮਣਾ ਸ਼ੁਰੂ ਹੋ ਜਾਂਦਾ ਏ ਤੇ ਜਿਉਂ ਜਿਉਂ ਦੋ ਰੂਹਾਂ ਦੀ ਸਾਂਝ ਵੱਧਦੀ ਏ, ਮਨ ਦੀ ਤਾਂਘ ਤੇ ਲਾਲਸਾ ਇਕ ਅਟੁਟ ਜੋੜ, ਲਈ ਹੋਰ ਵੀ ਜ਼ਿਆਦਾ ਤੀਬਰ ਹੁੰਦੀ ਜਾਂਦੀ ਏ। ਕਈ ਮੋੜਾਂ ਤੇ, ਕਈ ਰਾਹਾਂ ਤੇ ਬੰਦਾ ਐਸੇ ਸੁਹਿਰਦ ਪੁਰਸ਼ਾਂ ਨੂੰ ਰੌਲਦਾ ਏ ਕਿ ਖੁੱਦ-ਬਖੁੱਦ ਉਸ ਦੇ ਅੰਦਰ ਉਹਨਾਂ ਪੁਰਖਾਂ ਨੂੰ ਹੋਰ ਨਜ਼ਦੀਕੀ ਤੋਂ ਤਕਣ ਲਈ ਇਕ ਖਾਹਿਸ਼ ਪੈਦਾ ਹੁੰਦੀ ਏ। ਤੇ ਇਹੋ ਜਿਹੀ ਇਕ ਮੁਲਾਕਾਤ ਮੇਰੀ ਉਹਨਾਂ ਮਹਾਂਪੁਰਖਾਂ ਨਾਲ ਹੋਈ ਜਿਨ੍ਹਾਂ ਦਾ ਕੁਝ ਕੁ ਅਰਸੇ ਦਾ ਸਾਥ ਜ਼ਿੰਦਗੀ ਵਿਚ ਬਹੁਤ ਵੱਡੀ ਯਾਦਗਾਰ ਬਣ ਕੇ ਰਹਿ ਗਈ। ਉਹ ਮਹਾਂਪੁਰਖ, ਜੋ ਕਿ ਅਕਸਰ ਬਾਬਾ ਜੀ ਕਰ ਕੇ ਜਾਣੇ ਜਾਂਦੇ ਸਨ।

ਆਪਣੀ ਦੁਕਾਨ ਦੇ ਸਾਹਮਣੇ ਹੈਂਡ ਪੰਪ ਤੋਂ ਪਾਣੀ ਪੀਂਦਿਆਂ ਕੁਝ ਦਿਨ ਮੈਂ ਇਕ ਬਜ਼ੁਰਗ ਸੱਜਣਾਂ ਨੂੰ ਵੇਖਦਾ ਰਿਹਾ। ਉਹਨਾਂ ਵਿਚ ਮੈਨੂੰ ਬੜ ਖਿੱਚ ਮਹਿਸੂਸ ਹੋਣ ਲਗੀ ਤੇ ਮੈਂ ਉਹਨਾਂ ਸੱਜਣਾਂ ਨੂੰ ਦੂਰੋਂ ਹੀ ਬੜੇ ਸਨੇਹੁ ਤੇ ਗੌਰ ਨਾਲ ਵੇਖਣ ਲੱਗਾ। ਉਹਨਾਂ ਦੇ ਚਿਹਰੇ ਤੇ ਇਕ ਨੂਰ ਸੀ, ਇਕ ਅਲੌਕਿਕ ਖਿੱਚ ਸੀ। ਉਹ ਮਹਾਂਪੁਰਸ਼ ਤਕਰੀਬਨ ਹਰ ਰੋਜ਼ ਹੀ ਬੰਗਲਾ ਸਾਹਿਬ ਰੋਡ ਤੇ ਲਗੇ ਹੈਂਡ ਪੰਪ ਤੋਂ ਲੰਘਦਿਆਂ ਪਾਣੀ ਪੀਂਦੇ ਤੇ ਫਿਰ ਜਿਵੇਂ ਚੌਗਿਰਦੇ ਤੋਂ ਬੇਖਬਰ ਹੀ ਹੌਲੀ-ਹੌਲੀ ਤੁਰ ਜਾਂਦੇ। ਕਿੰਨੀ ਦੂਰ ਤੱਕ ਮੇਰੀ ਰੂਹ ਦੀ ਕਲਪਣਾ, ਮੇਰੀਆਂ ਨਜ਼ਰਾਂ ਉਹਨਾਂ ਦਾ ਪਿਛਾ ਕਰਦੀਆਂ ਰਹਿੰਦੀਆਂ। ਇਕ ਦਿਨ ਉਹਨਾਂ ਨੂੰ ਬੁਲਾਉਣ ਲਈ ਮੇਰਾ ਜੀਅ ਇੰਨਾਂ ਉਤਾਵਲਾ ਤੇ ਬੇਤਾਬ ਹੋ ਗਿਆ ਕਿ ਮੈਥੋਂ ਜਿਵੇਂ ਰਿਹਾ ਜਿਹਾ ਨਾ ਗਿਆ, ਤਾਂ ਮੈਂ ਆਪਣੇ ਲੜਕੇ ਨੂੰ ਕਿਹਾ ਕਿ ਨਲਕੇ ਤੋਂ ਜਾ ਕੇ ਮਹਾਂਪੁਰਖਾਂ ਨੂੰ ਬੜੀ ਨਿਮਰਤਾ ਨਾਲ ਫਤੇ ਬੁਲਾਉ ਤੇ ਆਪਣੀ ਦੁਕਾਨ ਤੇ ਚਰਨ ਪਾਉਣ ਲਈ ਕਹੋ। ਮਹਾਂਪੁਰਖਾਂ ਨੇ ਸਾਡੀ ਤੁੱਛ ਬੇਨਤੀ ਪ੍ਰਵਾਨ ਕੀਤੀ ਤੇ ਊਂਧੀ ਪਾਈ ਦੁਕਾਨ ਤੇ ਆ ਗਏ।

ਮੇਰੀ ਨਿੱਕੀ ਜਿਹੀ ਦੁਕਾਨ ਅੰਦਰ ਬਾਬਾ ਜੀ ਮੇਰੀ ਮਸ਼ੀਨ ਦੇ ਸਾਹਮਣੇ ਡੱਠੇ ਛੋਟੇ ਜਿਹੇ ਬੈਂਚ ਤੇ ਆ ਬਿਰਾਜੇ। ਮੇਰੀ ਰੂਹ ਨੇ ਰੱਜ ਕੇ ਉਸ ਹਸਤੀ ਨੂੰ ਨਿਹਾਰਿਆ ਉਹਨਾਂ ਦਾ ਸ਼ਾਂਤਮਈ ਗੁਲਾਬੀ ਚੇਹਰਾ, ਮੋਤੀਆ ਰੰਗ ਦਾ ਦਾੜ੍ਹਾ, ਚਿੱਟੀ ਗੋਲ ਦਸਤਾਰ, ਲੰਮਾ ਖੱਦਰ ਦਾ ਕੁੜਤਾ, ਕਛਹਿਰਾ, ਪੈਰੀਂ ਚੰਮ ਦੀ ਚੜ੍ਹਾਵੀਂ ਜੁੱਤੀ ਤੇ ਮੋਢੇ ਤੇ ਲਟਕਦੀ ਇਕ ਘਸਮੈਲੀ ਛੋਟੀ ਜਿਹੀ ਥੈਲੀ ਉਹਨਾਂ ਨੂੰ ਇੰਨੀ ਫੱਬਦੀ ਸੀ ਕਿ ਮੇਰੇ ਖਿਆਲ ਵਿਚ ਜੋ ਵੀ ਕੋਈ ਇਸ ਅਜ਼ੀਜ਼ ਸ਼ਖਸੀਅਤ ਨੂੰ ਤਕਦਾ ਹੋਵੇਗਾ ਤਾਂ ਜ਼ਰੂਰ ਹੀ ਉਹਨਾਂ ਵਲ ਖਿੱਚਿਆ ਜਾਂਦਾ ਹੋਵੇਗਾ। ਸੰਖੇਪ ਜਿਹਾ ਵਾਰਤਾਲਾਪ ਹੋਇਆ। ਚਾਹ ਪੀਣ ਲਈ ਜਦੋਂ ਮੈਂ ਮਹਾਂਪੁਰਖਾਂ ਨੂੰ ਅਰਜ਼ ਕੀਤੀ ਤਾਂ ਪਤਾ ਲੱਗਾ ਕਿ ਉਹ ਬਜ਼ਾਰੀ ਚੀਜ਼ਾਂ ਨਹੀਂ ਖਾਂਦੇ। ਉਹ ਬੜੇ ਪ੍ਰਸੰਨ ਦਿਖਾਈ ਦਿਤੇ ਤਾਂ ਮੇਰੀ ਚਾਹਤ ਨੂੰ ਹੋਰ ਕੁਝ ਮੋਕਲਾਪਣ ਮਿਲਿਆ। ਮੈਂ ਬਾਬਾ ਜੀ ਨੂੰ ਮੁੜ ਅਰਜ਼ ਕੀਤੀ ਕਿ ਜਦੋਂ ਕਦੇ ਵੀ ਹੋ ਸਕੇ, ਉਹ ਜ਼ਰੂਰ ਸਾਡੇ ਕੋਲੋਂ ਹੋ ਕੇ ਜਾਇਆ ਕਰਨ ਤੇ ਇਸ ਤੋਂ ਬਾਅਦ ਜਦੋਂ ਕਦੇ ਵੀ ਉਹ ਦਿੱਲੀ ਵਿਚ ਹੁੰਦੇ ਤਾਂ ਚਾਰ ਕੁ ਵਜੇ ਉਹ ਰੋਜ਼ਾਨਾ ਦੁਕਾਨ ਤੇ ਆਉਂਦੇ। ਇਸ ਦਰਮਿਆਨ ਬਾਬਾ ਜੀ ਨਾਲ ਕਾਫੀ ਵਿਚਾਰ ਵਟਾਂਦਰਾ ਕਰਨ ਦਾ ਮੌਕਾ ਮਿਲਦਾ। ਉਹਨਾਂ ਦੀ ਸੰਗਤ ਨਾਲ ਕਈ ਤਰ੍ਹਾਂ ਦੀਆਂ ਗੱਲਾਂ ਦਾ ਪਤਾ ਲਗਦਾ। ਕਈ ਤਰ੍ਹਾਂ ਦਾ ਗਿਆਨ ਪ੍ਰਾਪਤ ਹੁੰਦਾ।

ਪਤਾ ਲੱਗਾ ਕਿ ਲੋਕ ਅਕਸਰ ਉਹਨਾਂ ਮਹਾਂਪੁਰਖਾਂ ਨੂੰ ਬਾਬਾ ਜੀ ਕਰਕੇ ਹੀ ਬੁਲਾਉਂਦੇ ਸਨ। ਬਾਬਾ ਜੀ ਇਕ ਮਹਾਨ ਹਸਤੀ ਸਨ। ਮੈਨੂੰ ਉਹਨਾਂ ਦੇ ਜੀਵਨ ਬਾਰੇ ਜਦੋਂ ਵੀ ਕੁਝ ਪਤਾ ਲੱਗਾ ਤਾਂ ਮੈਨੂੰ ਅਕਸਰ ਹੈਰਾਨੀ ਹੋਈ। ਉਹ ਤਿਆਗੀ ਪੁਰਖ ਇਕ ਰਈਸ ਘਰਾਣੇ ਨਾਲ ਸੰਬੰਧ ਰਖਦੇ ਸਨ। ਉਹਨਾਂ ਦਾ ਬਚਪਨ ਬੜੀ ਠਾਠ-ਬਾਠ ਨਾਲ ਗੁਜ਼ਰਿਆ ਸੀ। ਬਹੁਤ ਸਾਰੀ ਤਾਲੀਮ ਹਾਸਿਲ ਕੀਤੀ ਸੀ ਤੇ ਡਾਕਟਰੀ-ਵਿਦਿਆ ਵੀ ਕਾਫੀ ਜਾਣਦੇ ਸਨ। ਬਾਅਦ ਵਿਚ ਇਹ ਵੀ ਪਤਾ ਚਲਿਆ ਕਿ ਉਹ ਡਾਕਟਰ ਸੁਰਿੰਦਰ ਸਿੰਘ ਕਰਕੇ ਵੀ ਜਾਣੇ ਜਾਂਦੇ ਸਨ। ਜਦੋਂ ਕਦੇ ਵੀ ਉਹ ਸਾਡੇ ਕੋਲ ਹੁੰਦੇ, ਉਹ ਸਾਨੂੰ ਹਰ ਵਿਸ਼ੇ ਤੇ ਗਿਆਨ ਦੇਂਦੇ। ਜੀਵਨ ਦਾ ਹਰ ਪਹਿਲੂ ਦੀ ਉਹ ਪੂਰੀ ਸਮਝ ਰਖਦੇ ਸਨ। ਸਾਨੂੰ ਅਲੱਗ-ਅਲੱਗ ਰੋਗਾਂ ਬਾਰੇ ਤੇ ਉਹਨਾਂ ਦੇ ਇਲਾਜਾਂ ਬਾਰੇ ਦੱਸਦੇ। ਸਾਡੇ ਸਾਹਮਣੇ ਕਈ ਸੱਜਣ ਉਹਨਾਂ ਦੇ ਇਲਾਜ ਨਾਲ ਤੰਦਰੁਸਤ ਹੋਏ। ਉਹ ਕਾਫੀ ਹੱਦ ਤੱਕ ਪ੍ਰਹੇਜ਼ ਦੱਸਦੇ ਸਨ ਤੇ ਉਹਨਾਂ ਕਦੇ ਬਦਲੇ ਵਿਚ ਕਿਸੇ ਤੋਂ ਕੁਝ ਸਵੀਕਾਰ ਨਹੀਂ ਸੀ ਕੀਤਾ।

ਉਹਨਾਂ ਦੀ ਖਾਸੀਅਤ ਸੀ ਕਿ ਉਹ ਕਦੇ ਅੱਖ ਚੁੱਕ ਕੇ ਉਪਰ ਨਹੀਂ ਸਨ ਤਕਦੇ। ਤੇ ਮੇਰੇ ਖਿਆਲ ਵਿਚ ਅਗਰ ਉਹ ਤਕਦੇ ਵੀ ਸਨ ਤਾਂ ਆਮ ਸਖਸ਼ ਦੀ ਹਿੰਮਤ ਨਹੀਂ ਸੀ ਪੈਂਦੀ ਕਿ ਉਹਨਾਂ ਦੀ ਨਜ਼ਰ ਦਾ ਸਾਹਮਣਾ ਕਰ ਸਕੇ। ਉਹ ਬਹੁਤ ਘੱਟ ਤੇ ਧੀਮੀ ਅਵਾਜ਼ ਵਿਚ ਬੋਲਦੇ ਸਨ, ਇਸ ਲਈ ਉਹਨਾਂ ਨੂੰ ਬੜੇ ਗਹੁ ਨਾਲ ਸੁਣਨਾ ਪੈਂਦਾ ਸੀ। ਸੁਭਾਅ ਵਿਚ ਨਿਮਰਤਾ ਤੇ ਮਿੱਠਤ ਸੀ ਤੇ ਉਹਨਾਂ ਨੂੰ ਵੇਖ ਕੇ, ਉਹਨਾਂ ਨਾਲ ਰਹਿ ਕੇ ਗੁਰਬਾਣੀ ਦੀਆਂ ਇਹ ਤੂਕਾਂ :

ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ।।

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ - ਅੰਗ ੭੮੪)

ਯਾਦ ਆ ਜਾਂਦੀਆਂ। ਉਹ ਸਾਦਗੀ ਦੇ ਮਾਲਕ, ਬਾਣੀ ਦੇ ਅਥਾਹ ਸਾਗਰ, ਆਤਮਿਕ ਰੰਗ ਵਿਚ ਰੰਗੇ ਰਹਿੰਦੇ ਸਨ। ਨਿਵੇਕਲਾਪਣ ਉਹਨਾਂ ਨੂੰ ਪਸੰਦ ਸੀ। ਜਦੋਂ ਕਦੇ ਵੀ ਉਹ ਦਿੱਲੀ ਵਿਚ ਹੁੰਦੇ ਤਾਂ ਬਹੁਤਾ ਸਮਾਂ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਹੀ ਗੁਜ਼ਾਰਦੇ। ਲੰਗਰ ਵਿਚ ਸੇਵਾ ਕਰਦੇ ਤੇ ਫਿਰ ਜੋੜਿਆਂ ਸਾਹਮਣੇ ਖਾਲੀ ਜਗ੍ਹਾ ਤੇ ਬੈਠ ਕੇ ਭਜਨ ਬੰਦਗੀ ਵਿਚ ਜੁੜੇ ਰਹਿੰਦੇ।

ਹਾਂ, ਇਸ ਦਰਮਿਆਨ ਉਹਨਾਂ ਨੇ ਕੁਝ ਵਾਰੀ ਦਾਸਾਂ ਦੇ ਗ੍ਰਹਿ ਵਿਖੇ ਚਰਨ ਪਾਏ। ਸੱਚੇ ਪਾਤਸ਼ਾਹ ਦੀ ਕਿਰਪਾ ਨਾਲ ਸਾਡੇ ਸਾਦ-ਮੁਰਾਦੇ ਪਰਿਵਾਰ ਵਿਚ ਮੀਟ-ਸ਼ਰਾਬ ਦਾ ਪ੍ਰਹੇਜ਼ ਹੈ ਤੇ ਬੱਚੇ ਵੀ ਅੰਮ੍ਰਿਤਧਾਰੀ ਹਨ। ਇਹ ਸਭ ਕੁਝ ਬਾਬਾ ਜੀ ਨੂੰ ਪਸੰਦ ਸੀ।

ਬਾਬਾ ਜੀ ਮਾਇਆ-ਧਾਰੀਆਂ ਤੋਂ ਬੜਾ ਗੁਰੇਜ਼ ਕਰਦੇ ਸਨ। ਇਕ ਵਾਰੀ ਦੀ ਗੱਲ ਹੈ ਕਿ ਇਕ ਬਹੁਤ ਲੰਮੀ ਸਾਰੀ ਤੇ ਸੋਹਣੀ ਜਿਹੀ ਕਾਰ ਉਦੋਂ ਸਾਡੀ ਦੁਕਾਨ ਅੱਗੇ ਆ ਕੇ ਰੁਕੀ ਜਦੋਂ ਕਿ ਬਾਬਾ ਜੀ ਉਥੇ ਸਨ। ਇਕ ਅਧਖੜ ਉਮਰ ਦੀ ਅਮੀਰ ਘਰਾਣੇ ਦੀ ਔਰਤ ਕਾਰ ਵਿਚੋਂ ਨਿਕਲ ਕੇ ਬਾਬਾ ਜੀ ਕੋਲ ਆਈ ਤੇ ਬਾਬਾ ਜੀ ਨੂੰ ਆਪਣੇ ਨਾਲ ਚਲਣ ਲਈ ਅਰਜ਼ ਕੀਤੀ, ਪਰ ਬਾਬਾ ਜੀ ਨੇ ਅਸਵੀਕਾਰ ਕਰ ਦਿੱਤਾ। ਇਥੋਂ ਤੱਕ ਕਿ ਬਾਬਾ ਜੀ ਨੇ ਉਸ ਬੀਬੀ ਵਲ ਤਕਿਆ ਤੱਕ ਵੀ ਨਹੀਂ। ਬਾਅਦ ਵਿਚ ਪਤਾ ਲੱਗਾ ਕਿ ਉਹ ਬਹੁਤ ਅਮੀਰ ਬੀਬੀ ਬਾਬਾ ਜੀ ਦੇ ਰਿਸ਼ਤੇਦਾਰਾਂ ਵਿਚੋਂ ਸੀ। ਇਸੇ ਤਰ੍ਹਾਂ ਕਈ ਵਾਰੀ ਬਹੁਤ ਸਾਰੇ ਦਰਸ਼ਨ ਅਭਿਲਾਖੀ, ਜੋ ਕਿ ਜਾਣਦੇ ਸਨ ਕਿ ਬਾਬਾ ਜੀ ਚਾਹ ਦੇ ਵਕਤ, ਭਾਵ ਚਾਰ ਕੁ ਵਜੇ ਸ਼ਾਮ ਦੁਕਾਨ ਤੇ ਆਉਂਦੇ ਹਨ, ਉਥੇ ਆ ਜਾਂਦੇ। ਕਈ ਵਾਰੀ ਬਾਬਾ ਜੀ ਨੂੰ ਉਹ ਲੋਕ ਕੁਝ ਨਾ ਕੁਝ ਭੇਟ ਕਰਨ ਦੀ ਬੜੀ ਕੋਸ਼ਿਸ਼ ਕਰਦੇ, ਪਰ ਬਾਬਾ ਜੀ

ਅਜਿਹੀ ਗੱਲ ਹੀ ਨਾ ਗੌਲਦੇ। ਨਾ ਕਦੇ ਕਿਸੇ ਨੂੰ ਚਰਨ ਛੂਹਣ ਦੇਂਦੇ, ਨਾ ਕਦੇ ਆਪਣੇ ਜੋੜਿਆਂ ਨੂੰ ਹੱਥ ਲਾਉਣ ਦੇਂਦੇ।

ਬਾਬਾ ਜੀ ਦਾ ਕੁੜਤਾ ਮਸਤਾਨਾ ਹੋਇਆ ਵੇਖ ਕੇ ਦਾਸ ਨੇ ਕਈ ਵਾਰੀ ਨਵਾਂ ਕੁੜਤਾ ਸਿਉਂ ਕੇ ਦੇਣ ਲਈ ਅਰਜ਼ ਕੀਤੀ, ਪਰ ਬਾਬਾ ਜੀ ਹਮੇਸ਼ਾਂ ਇਹ ਕਹਿ ਕੇ ਟਾਲ ਦਿੰਦੇ ਕਿ ਭਾਈ ਜੀ, ਆਪਣਾ ਕੰਮ ਚਲ ਰਿਹਾ ਏ, ਲੋੜ ਹੀ ਨਹੀਂ। ਤੁਹਾਨੂੰ ਤਿੰਨ ਚਾਰ ਘੰਟੇ ਕੁੜਤਾ ਸਿਉਣ ਵਿਚ ਲਗ ਜਾਣੇ ਨੇ ਤੇ ਤੁਹਾਡਾ ਬਹੁਤ ਹਰਜਾ ਹੋਵੇਗਾ। ਤੇ ਕਈ ਵਾਰੀ ਉਹ ਆਪਣੇ ਮਸਤਾਨੇ ਕਪੜਿਆਂ ਵਿਚ ਹੀ ਇੰਨੇ ਜਚਦੇ ਸਨ ਕਿ ਰਹਿ ਰਹਿ ਕੇ ਮੇਰੀ ਰੂਹ ਉਹਨਾਂ ਵਲ ਖਿੱਚੀ ਜਾਂਦੀ ਸੀ।

ਉਹਨਾਂ ਦੀ ਸ਼ਖਸੀਅਤ ਨੂੰ ਬਿਆਨ ਕਰਨਾ ਤਾਂ ਇਕ ਅਪਹੁੰਚ ਕਲਪਣਾ ਹੈ। ਫਿਰ ਵੀ ਉਹਨਾਂ ਦੀਆਂ ਖੂਬੀਆਂ ਵਿਚੋਂ ਇਕ ਖੂਬੀ ਸੀ ਕਿ ਉਹ ਹਮੇਸ਼ਾਂ ਆਦਮੀ ਦਾ ਚਿਹਰਾ ਵੇਖ ਕੇ ਉਸ ਦੇ ਵਿਅਕਤੀਗਤ ਬਾਰੇ ਜਾਣ ਜਾਂਦੇ ਸਨ। ਜਦੋਂ ਕਦੇ ਵੀ ਉਹ ਜ਼ਰੂਰੀ ਸਮਝਦੇ, ਆਦਮੀ ਨੂੰ ਉਸ ਦੀ ਊਣਤਾਈ ਬਾਰੇ ਦਸ ਦੇਂਦੇ। ਤੇ ਫਿਰ ਉਹਨਾਂ ਨੂੰ ਅਸਲੀ, ਠੀਕ ਰਾਹ ਦਾ ਵੀ ਗਿਆਨ ਦੇਂਦੇ।

ਬਾਬਾ ਜੀ ਟੀ.ਵੀ. ਤੇ ਕੂਕਰ ਦੀ ਵਰਤੋਂ ਦੇ ਵਿਰੁੱਧ ਸਨ। ਖ਼ਾਸ ਕਰਕੇ ਕੂਕਰ ਵਿਚ ਪੱਕਿਆ ਖਾਣਾ ਉਹਨਾਂ ਮੁਤਾਬਕ ਆਦਮੀ ਨੂੰ ਕਈ ਤਰ੍ਹਾਂ ਦੇ ਰੋਗ ਲਾਉਂਦਾ ਏ। ਤੇ ਐਸੀਆਂ ਹੀ ਚੀਜ਼ਾਂ ਦੀ ਵਰਤੋਂ ਕਰ ਕੇ ਅੱਜ-ਕਲ੍ਹ ਮਨੁੱਖ ਦੀ ਅੱਧੀ ਆਯੂ ਮਨਫੀ ਹੋ ਜਾਂਦੀ ਏ। ਉਹਨਾਂ ਦਾ ਇਹ ਵੀ ਕਹਿਣਾ ਸੀ ਕਿ ਪਰਿਵਾਰ ਦੀ ਤੰਦਰੁਸਤੀ ਤੇ ਉਹਨਾਂ ਦੀ ਲੰਮੀ ਆਯੂ ਗ੍ਰਿਹਣੀਆਂ (ਇਸਤ੍ਰੀਆਂ) ਦੇ ਹੱਥ ਹੁੰਦੀ ਏ।

ਬਾਬਾ ਜੀ ਹੋਰਾਂ ਨਾਲ ਜੋ ਸਮਾਂ ਗੁਜ਼ਰਿਆ, ਉਸ ਦੀਆਂ ਅਮੁਲੀਆਂ ਘੜੀਆਂ ਨੂੰ ਮੁੜ ਹਾਸਲ ਕਰਨ ਲਈ ਦਿਲ ਅੱਜ ਵੀ ਬੇਤਾਬ ਏ। ਬਾਬਾ ਜੀ ਜਦੋਂ ਆਖਰੀ ਵਾਰੀ ਦਿੱਲੀ ਤੋਂ ਚੰਡੀਗੜ੍ਹ ਲਈ ਰਵਾਨਾ ਹੋਏ ਤਾਂ ਕੁਝ ਦਿਨ ਪਹਿਲਾਂ ਉਹ, ਰਾਤੀ ਸਾਡੇ ਘਰ ਉਪਰ ਚੁਬਾਰੇ ਵਿਚ ਠਹਿਰੇ। ਜਾਂਦਿਆਂ ਸਾਨੂੰ ਮਿਲ ਕੇ ਗਏ, ਪਰ ਉਦੋਂ ਇਹ ਸੋਚ ਵੀ ਦਿਮਾਗ ਵਿਚ ਨਹੀਂ ਸੀ ਆਈ ਕਿ ਉਸ ਨੂਰਾਨੀ ਦਿਲਕਸ਼ ਹਸਤੀ ਦੇ ਮੁੜ ਦਰਸ਼ਨ ਨਹੀਂ ਹੋਣਗੇ।

ਅਚਾਨਕ ਹੀ ਬਾਬਾ ਜੀ ਦੇ ਕੂਚ ਕਰ ਜਾਣ ਦੀ ਖ਼ਬਰ ਮਿਲੀ ਤਾਂ ਅੱਜ ਦੀ ਤਰ੍ਹਾਂ ਉਦੋਂ ਵੀ ਯਕੀਨ ਨਾ ਆਇਆ ਕਿ ਉਹ ਸ਼ਾਂਤਮਈ, ਸੁਹਿਰਦ ਸੱਜਣ ਹੁਣ ਕਦੇ ਨਹੀਂ ਪਰਤਣਗੇ। ਅਥਾਹ ਦੁਖ ਹੋਇਆ। ਇਕ ਅਸਹਿ ਧਕਾ ਲੱਗਾ। ਭਾਵੇਂ ਅਜਿਹੀਆਂ ਹਸਤੀਆਂ ਸਦਾ ਹੀ ਅਮਰ ਰਹਿੰਦੀਆਂ ਨੇ, ਫਿਰ ਵੀ ਉਹਨਾਂ ਦਾ ਵਿਛੋੜਾ ਅਜੱਰ ਲੱਗਾ। ਬਾਅਦ ਵਿਚ ਜਦੋਂ ਉਹਨਾਂ ਵਾਂਗੂੰ ਹੀ ਉਹਨਾਂ ਦੀਆਂ ਆਖਰੀ ਘੜੀਆਂ ਦਾ ਰਹੱਸਯ ਮਲੂੰਮ ਹੋਇਆ ਤਾਂ ਹੋਰ ਵੀ ਹੈਰਾਨੀ ਹੋਈ ਜਿਵੇਂ ਉਹਨਾਂ ਪੂਰੀ ਦੀ ਪੂਰੀ ਜ਼ਿੰਦਗੀ ਸਾਰੇ ਭੈਣ ਭਰਾਵਾਂ, ਰਿਸ਼ਤੇਦਾਰਾਂ ਤੋਂ ਦੂਰ ਰਹਿ ਕੇ ਗੁਜ਼ਾਰੀ, ਉਹਨਾਂ ਨੂੰ ਤੁਰਨ ਵੇਲੇ ਵੀ ਕਿਸੇ ਨੂੰ ਵੇਖਣ ਦੀ, ਮਿਲਣ ਦੀ ਖਾਹਿਸ਼ ਤੱਕ ਨਹੀਂ ਹੋਈ।

ਐਸੇ ਤਿਆਗੀ ਪੁਰਸ਼ ਅੱਜ ਕਲ੍ਹ ਵਿਰਲੇ ਹੀ ਮਿਲਦੇ ਹਨ। ਉਹਨਾਂ, ਜਿਨ੍ਹਾਂ ਜ਼ਰੂਰਤ ਤੋਂ ਵੱਧ ਕਦੇ ਇਕ ਗਰਾਹੀ ਦੀ ਵੀ ਲੋੜ ਮਹਿਸੂਸ ਨਹੀਂ ਕੀਤੀ, ਉਹਨਾਂ ਦਾ ਜੀਵਨ ਆਪਣੇ ਆਪ ਵਿਚ ਸਕੂਨ ਭਰਿਆ, ਤ੍ਰਿਪਤ ਤੇ ਸੰਕੋਚਮਈ ਜੀਵਨ ਸੀ।

ਅੱਜੇ ਵੀ ਜਦੋਂ ਚਾਰ ਕੁ ਦਾ ਵੇਲਾ ਹੁੰਦਾ ਏ, ਅੱਖਾਂ ਅੱਗੇ ਉਹੋ ਪੁਰਾਣਾ ਦ੍ਰਿਸ਼ ਘੁੰਮ ਜਾਂਦਾ ਏ। ਇਉਂ ਲਗਦਾ ਏ ਜਿਵੇਂ ਬਾਬਾ ਜੀ ਉਸੇ ਛੋਟੇ ਜਿਹੇ ਬੈਂਚ ਤੇ ਮੇਰੀ ਮਸ਼ੀਨ ਦੇ ਸਾਹਮਣੇ ਬੈਠੇ ਧੀਮੀ-ਧੀਮੀ ਅਵਾਜ਼ ਵਿਚ ਕੁਝ ਕਹਿ ਰਹੇ ਹੋਣ ਤੇ ਦਾਸ ਦੋਵੇਂ ਅਰਕਾਂ ਮਸ਼ੀਨ ਤੇ ਰਖੀ ਬੈਠਾ ਬੜੇ ਗੌਰ ਨਾਲ ਉਹਨਾਂ ਦੇ ਮੂੰਹੋਂ ਨਿਕਲਿਆ ਇਕ ਇਕ ਲਫਜ਼ ਸੁਣ ਰਿਹਾ ਹੋਵੇ। ਉਸ ਮਹਾਨ ਹਸਤੀ ਦਾ ਸਾਥ ਜ਼ਿੰਦਗੀ ਚੋਂ ਮਨਫੀ ਹੋ ਜਾਣ ਤੇ ਕੁਝ ਗੁਆਚਾ-ਗੁਆਚਾ ਲਗਦਾ ਏ। ਜ਼ਿੰਦਗੀ ਵਿਚ ਇਨਸਾਨ ਨੂੰ ਅਜਿਹੇ ਅਜ਼ੀਜ਼ ਪਲ ਵਾਹਿਗੁਰੂ ਦੀ ਮਿਹਰ ਨਾਲ ਹੀ ਨਸੀਬ ਹੁੰਦੇ ਹਨ। ਉਹਨਾਂ ਦੇ ਜੀਵਨ ਦਾ ਨਿਚੋੜ ਸੀ :

ਨਾਨਕ ਨਾਮ ਰਤੇ ਸੇ ਰੰਗੁਲੇ ਗੁਰ ਕੈ ਸਹਿਜ ਸੁਭਾਇ।।
ਭਗਤੀ ਰੰਗੁ ਨ ਉਤਰੈ ਸਹਜੇ ਰਹੈ ਸਮਾਇ।।

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ - ਅੰਗ ੮੫)

ਵਲੋਂ ਭਾਈ ਪ੍ਰੀਤਮ ਸਿੰਘ ਜੀ ਲੁਧਿਆਣਾ

ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ।।
ਹੰ ਭੀ ਵੰਞਾ ਡੁਮਣੀ ਰੋਵਾ ਝੀਣੀ ਬਾਣਿ।।

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ - ਅੰਗ ੨੩)

ਡਾਕਟਰ ਸੁਰਿੰਦਰ ਸਿੰਘ ਜੀ ਤਾਂ ਵਾਹਿਗੁਰੂ ਜੀ ਦੇ ਚਰਨਾਂ ਵਿਚ ਜੁੜੇ ਨਾਮ ਦੇ ਗੂੜ੍ਹੇ ਰੰਗ ਮਾਣਦੇ ਹੋਣਗੇ, ਪਰ ਦਾਸ ਨੂੰ ਆਪ ਜੀ ਦਾ ਵੀਹ ਸਾਲਾਂ ਦਾ ਪਿਆਰ ਕਦੇ ਭੁੱਲ ਨਹੀਂ ਸਕਦਾ। ਆਪ ਬਹੁਤ ਹੀ ਘਟ ਬੋਲਦੇ ਸਨ। ਨਾਮ ਤੇ ਵੈਰਾਗ ਰੰਗ ਵਿਚ ਸਦਾ ਹੀ ਰੰਗੇ ਰਹਿੰਦੇ ਸਨ ਅਤੇ ਗੁਰਮਤਿ ਸਮਾਗਮਾਂ ਵਿਚ ਕਿਤੇ ਵੱਖਰੇ ਹੀ ਗੁੱਠੇ ਲਗ ਕੇ ਨਾਮ ਰੰਗਾਂ ਵਿਚ ਖੇਡਦੇ ਰਹਿੰਦੇ ਸਨ।

ਆਪ ਜੀ ਨਾਲ ਪਹਿਲਾ ਮਿਲਾਪ -

20 ਸਾਲ ਹੋ ਗਏ ਹਨ। ਰਾਤ ਦੇ ਦਸ ਵਜ ਚੁਕੇ ਸਨ। ਪੋਹ ਦਾ ਮਹੀਨਾ ਸੀ। ਸਰਦੀ ਕਹਿਰਾਂ ਦੀ ਪੈ ਰਹੀ ਸੀ। ਦਾਸ ਉਦੋਂ ਰਿਕਸ਼ਾ ਚਲਾ ਕੇ ਪਰਵਾਰ ਦਾ ਗੁਜ਼ਾਰਾ ਕਰਦਾ ਸੀ। ਭਾਈ ਸਾਹਿਬ ਏਨੀ ਸਰਦੀ ਵਿਚ ਇਕ ਸਾਦੇ ਜਿਹੇ ਚੋਲੇ ਵਿਚ ਸਨ। ਪਜਾਮਾ ਵੀ ਨਹੀਂ ਪਾਇਆ ਹੋਇਆ ਸੀ। ਪੈਰੀਂ ਇਕ ਸਾਦੀ ਜਿਹੀ ਜੁੱਤੀ ਸੀ। ਚੇਹਰਾ ਨਾਮ-ਰੰਗਾਂ ਨਾਲ ਦਗਦਗ ਕਰ ਰਿਹਾ ਸੀ। ਇਕ ਤਾਂ ਸੋਹਣਾ ਗੋਰਾ ਰੰਗ, ਦੂਜੇ ਨਾਮ ਦਾ ਜਲਾਲ, ਦਾਸ ਉਨ੍ਹਾਂ ਦੀ ਸ਼ਖਸੀਅਤ ਵਲ ਖਿਚਿਆ ਗਿਆ ਅਤੇ ਦਰਸ਼ਨ ਕਰ ਕੇ ਅਨੰਦਿਤ ਹੋ ਗਿਆ। ਧੰਨ ਗੁਰੂ ਗੋਬਿੰਦ ਸਿੰਘ ਜੀ ਦੇ ਸਿੰਘ ਹਨ, ਜਿਨ੍ਹਾਂ ਨੂੰ ਪੋਹ ਦੇ ਮਹੀਨੇ ਵਿਚ ਵੀ ਸਰਦੀ ਨਹੀਂ ਪੋਂਹਦੀ। ਦਾਸ ਨੇ ਘਰ ਵਾਪਸ ਆਉਣਾ ਸੀ, ਪਰ ਇਨ੍ਹਾਂ ਦੇ ਸਰੂਪ ਦਾ ਖਿਚਿਆ ਹੋਇਆ, ਇਨ੍ਹਾਂ ਦੇ ਮਗਰ ਰਿਕਸ਼ਾ ਲੈ ਕੇ ਜਾਣ ਲਗ ਪਿਆ। ਦਾਸ ਨੂੰ ਹਿੰਮਤ ਨਾ ਪਵੇ ਕਿ ਇਨ੍ਹਾਂ ਨੂੰ ਬੁਲਾਵਾਂ। ਪਰ ਇਨ੍ਹਾਂ ਦੀ ਸੇਵਾ ਕਰਨ ਦਾ ਬੜਾ ਚਾਅ ਸੀ ਕਿ ਰਿਕਸ਼ੇ ਵਿਚ ਇਨ੍ਹਾਂ ਨੂੰ ਬਿਠਾ ਕਿ ਜਿਥੇ ਇਨ੍ਹਾਂ ਨੇ ਜਾਣਾ ਹੈ, ਪਹੁੰਚਾ ਕੇ ਆਵਾਂ। ਕੁਝ ਸਮੇਂ ਪਿਛੋਂ ਹੀ ਭਾਈ ਸਾਹਿਬ ਦੀ ਮੇਹਰ ਦੀ ਨਿਗਾਹ ਦਾਸ ਤੇ ਪੈ ਗਈ ਤੇ ਵਾਹਿਗੁਰੂ ਜੀ ਨੇ ਦਾਸ ਨੂੰ ਬਲ ਦਿੱਤਾ ਤੇ ਮੁਖੋਂ ਨਿਕਲ ਗਿਆ :

ਵਾਹਿਗੁਰੁ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤੇ।।

ਭਾਈ ਸਾਹਿਬ ਜੀ ਨੇ ਹੌਲੀ ਤੇ ਮਿਠੀ ਅਵਾਜ਼ ਵਿਚ ਫਤੇ ਦਾ ਉਤਰ ਦਿੱਤਾ ਤੇ ਦਾਸ ਦੇ ਰਿਕਸ਼ੇ ਕੋਲ ਰੁਕ ਗਏ। ਦਾਸ ਨੇ ਨਿਮਰਤਾ ਸਹਿਤ ਬੇਨਤੀ ਕੀਤੀ, ''ਭਾਈ ਸਾਹਿਬ ਜੀ, ਆਪ ਜੀ ਨੂੰ ਰਿਕਸ਼ੇ ਰਾਹੀਂ ਛੱਡ ਆਵਾਂ, ਜਿਥੇ ਤੁਸਾਂ ਜਾਣਾ ਹੈ। ਦਾਸ ਦਾ, ਆਪ ਜੀ ਦੀ ਸੇਵਾ ਕਰਨ ਦਾ ਦਿਲ ਹੈ।'' ਭਾਈ ਸਾਹਿਬ ਨੇ ਕੋਈ ਉਤਰ ਨਾ ਦਿੱਤਾ ਤੇ ਦੋ ਮਿੰਟ ਰੁਕ ਕੇ ਆਪੇ ਹੀ ਰਿਕਸ਼ੇ ਵਿਚ ਬੈਠ ਗਏ। ਜਗਰਾਵਾਂ ਵਾਲੇ ਪੁਲ ਤੋਂ ਭਾਈ ਸਾਹਿਬ ਭਾਰਤ ਨਗਰ ਚੌਂਕ ਵਲ ਜਾ ਰਹੇ ਸਨ। ਰਿਕਸ਼ੇ ਵਿਚ ਭਾਈ ਸਾਹਿਬ ਦੇ ਬੈਠਣ ਤੋਂ ਬਾਅਦ ਦਾਸ ਵਿਚ ਏਨੀ ਪੁਛਣ ਦੀ ਹਿੰਮਤ ਹੀ ਨਹੀਂ ਸੀ ਕਿ ਪੁਛਾਂ, ਤੁਸੀਂ ਕਿਥੇ ਜਾਣਾ ਹੈ, ਕਿਉਂਕਿ ਭਾਈ ਸਾਹਿਬ ਨਾਮ ਦੇ ਕਿਸੇ ਗੂੜ੍ਹੇ ਰੰਗ ਵਿਚ ਰੰਗੇ ਹੋਏ ਸਨ। ਦਾਸ ਨੇ ਹਿੰਮਤ ਕਰ ਕੇ ਭਾਰਤ ਨਗਰ ਚੌਂਕ ਵਲ ਹੀ ਰਿਕਸ਼ਾ ਚਲਾਣਾ ਸ਼ੁਰੂ ਕਰ ਚੌਂਕ ਤੱਕ ਪਹੁੰਚਿਆ ਹੀ ਸੀ ਕਿ ਭਾਈ ਸਾਹਿਬ ਨੇ ਨੀਊ ਮਾਡਲ ਟਾਊਨ ਸਿੰਘ ਸਭਾ ਗੁਰਦੁਆਰੇ ਦੇ ਪਿਛੇ ਕੋਠੀ ਵਿਚ ਜਾਣ ਲਈ ਆਖ ਦਿੱਤਾ। ਉਨ੍ਹਾਂ ਦਿਨਾਂ ਵਿਚ ਬੀਬੀ ਮਹਿੰਦਰ ਕੌਰ ਜੀ ਇਸ ਕੋਠੀ ਵਿਚ ਰਹਿੰਦੇ ਸਨ।

ਦਾਸ ਜਦ ਕੋਠੀ ਅੱਗੇ ਪਹੁੰਚਿਆ ਤਾਂ ਭਾਈ ਸਾਹਿਬ ਨੇ ਦਾਸ ਨੂੰ ਕੋਠੀ ਅੰਦਰ ਜਾਣ ਲਈ ਇਸ਼ਾਰਾ ਕੀਤਾ। ਦਾਸ ਹੈਰਾਨ, ਤੇ ਮਗਰੇ ਤੁਰ ਪਿਆ। ਕੋਠੀ ਦੇ ਦਰਵਾਜ਼ੇ ਨਾਲ ਹੀ ਨਲਕਾ ਸੀ। ਭਾਈ ਸਾਹਿਬ ਨੇ ਆਪ ਨਲਕਾ ਗੇੜ ਕੇ ਦਾਸ ਦਾ ਪੰਜ ਇਸ਼ਨਾਨਾ ਕਰਵਾਇਆ ਤੇ ਇਸ਼ਾਰੇ ਨਾਲ ਹੀ ਆਪਣੇ ਸੰਗ ਸਾਥ ਕੋਠੀ ਅੰਦਰ ਲੈ ਗਏ। ਰਿਕਸ਼ਾ ਵੀ ਕੋਠੀ ਦੇ ਅੰਦਰ ਨਲਕੇ ਕੋਲ ਹੀ ਖੜਾ ਕਰਵਾ ਦਿੱਤਾ। ਆਪ ਸਿੱਧੇ ਰਸੋਈ ਵਿਚ ਚਲੇ ਗਏ।

ਦਾਸ ਨੂੰ ਸਰਬ-ਲੋਹ ਵਿਚ ਸਮੁੰਦਰ ਛਕਾਣਾ -

ਭਾਈ ਸਾਹਿਬ ਨੇ ਚਿਟਾਈ ਵਿਛਾ ਕੇ ਦਾਸ ਨੂੰ ਬੈਠਣ ਲਈ ਸੰਕੇਤ ਕੀਤਾ। ਦਾਸ ਚੌਂਕੜਾ ਮਾਰ ਕੇ ਤੇ ਹੱਥ ਜੋੜ ਕੇ ਬੈਠ ਗਿਆ। ਭਾਈ ਸਾਹਿਬ ਕਿੰਨਾ ਚਿਰ ਹੀ ਸਰਬਲੋਹ ਦੇ ਬਾਟੇ ਵਿਚ ਸਮੁੰਦਰ ਕਾੜ੍ਹਦੇ ਰਹੇ ਤੇ ਵਾਹਿਗੁਰੂ ਜੀ ਦੇ ਰੰਗਾਂ ਵਿਚ ਖੇਡਦੇ ਰਹੇ ਉਨ੍ਹਾਂ ਦੀ ਘੰਟੇ ਤੋਂ ਉਪਰ ਹੀ ਸੁਰਤੀ ਲਗੀ ਰਹੀ। ਦਾਸ ਹੁਕਮ ਦਾ ਬੱਧਾ ਬੈਠਾ ਵੀ ਹੋਇਆ ਸੀ ਤੇ ਘਰ ਜਾਣ ਲਈ ਉਤਾਵਲਾ ਵੀ ਸੀ, ਕਿਉਂਕਿ ਸਾਰੇ ਦਿਨ ਦਾ ਰਿਕਸ਼ਾ ਚਲਾ ਕੇ ਦਾਸ ਥੱਕਿਆ ਵੀ ਪਿਆ ਸੀ। ਜਦੋਂ ਦਾਸ ਨੂੰ ਵੱਡਾ ਬਾਟਾ ਭਰ ਕੇ ਸਮੁੰਦਰ ਦਾ ਦਿੱਤਾ ਗਿਆ, ਦਾਸ ਪੀਂਦਿਆਂ ਹੀ ਨਾਮ ਵਿਚ ਰੰਗੀਜਿਆ ਗਿਆ, ਕੋਈ ਅਗੰਮੀ ਰੰਗ ਚੜ੍ਹ ਗਿਆ।

ਸਿਮਰਨ ਆਪੇ ਹੀ ਚਲਣ ਲਗ ਪਿਆ, ਸਰੀਰ ਆਪ-ਮੁਹਾਰਾ ਹੀ ਉਡਦਾ ਮਹਿਸੂਸ ਹੋਵੇ। ਦਾਸ ਦੀਆਂ ਅੱਖਾਂ ਵਿਚ ਵੈਰਾਗ ਭਰ ਜਾਣ ਕਰਕੇ ਸੁਰਤੋਂ ਬੇਸੁਰਤ ਹੋਣ ਲਗ ਪਿਆ। ਕਾਫੀ ਸਮੇਂ ਬਾਅਦ ਜਦੋਂ ਹੋਸ਼ ਸੰਭਾਲੀ ਤਾਂ ਭਾਈ ਸਾਹਿਬ ਨੇ ਏਨੇ ਚਿਰ ਵਿਚ ਖੀਰ ਦਾ ਬਾਟਾ ਤਿਆਰ ਕਰ ਕੇ ਅੱਗੇ ਰਖ ਦਿੱਤਾ। ਇਹ ਛਕਣ ਦੀ ਹੀ ਦੇਰ ਸੀ ਕਿ ਦਾਸ ਤਾਂ ਬੇਸੁਰਤ ਹੀ ਹੋ ਗਿਆ ਤੇ ਇਹ ਪਤਾ ਹੀ ਨਾ ਰਿਹਾ ਕਿ ਮੈਂ ਕਿਥੇ ਹਾਂ।

ਬੀਬੀ ਮਹਿੰਦਰ ਕੌਰ ਦੇ ਦਰਦ ਹੋਣੀ -

ਕਾਫੀ ਸਮੇਂ ਬਾਅਦ ਜਦੋਂ ਦਾਸ ਨੂੰ ਹੋਸ਼ ਆਈ ਤਾਂ ਕੋਠੀ ਵਿਚ ਜਿਥੇ ਬੀਬੀ ਮਹਿੰਦਰ ਕੌਰ ਜੀ ਸਨ, ਉਥੇ ਉਨ੍ਹਾਂ ਨੂੰ ਪੇਟ ਵਿਚ ਦਰਦ ਹੋਣ ਲਗ ਪਈ। ਉਨ੍ਹਾਂ ਪਾਸੋਂ ਉਹ ਦਰਦ ਸਹੀ ਨਹੀਂ ਸੀ ਜਾਂਦੀ। ਭਾਈ ਸਾਹਿਬ ਆਪ ਡਾਕਟਰੀ ਦਾ ਕੰਮ ਜਾਣਦੇ ਸਨ। ਉਨ੍ਹਾਂ ਕਈ ਦਵਾਈਆਂ ਦਿਤੀਆਂ, ਪਰ ਕੋਈ ਆਰਾਮ ਨਾ ਆਇਆ। ਦਾਸ ਨੂੰ ਫੁਰਨਾ ਫੁਰਿਆ ਕਿ ਭਾਈ ਸਾਹਿਬ ਨੇ ਦਾਸ ਨੂੰ ਸਮੁੰਦਰ ਤੇ ਖੀਰ ਖੁਆਉਣ ਲਗਿਆਂ ਕਿੰਨਾ ਚਿਰ ਹੀ ਸਮੁੰਦਰ ਵਿਚ ਨੇਤਰਾਂ ਦੀ ਦ੍ਰਿਸ਼ਟੀ ਪਾਈ ਰਖੀ ਸੀ ਤਾਂ ਨਾਮ ਦੇ ਰੰਗਣਾਂ ਵਿਚ ਸਮੁੰਦਰ ਰੰਗਿਆ ਗਿਆ ਸੀ। ਦਾਸ ਨੇ ਬੀਬੀ ਜੀ ਨੂੰ ਸਿਮਰਨ ਕਰਦਿਆਂ ਦ੍ਰਿਸ਼ਟੀ ਪਾ ਕੇ ਜਲ ਦੇ ਦਿੱਤਾ ਤੇ ਬੀਬੀ ਜੀ ਨੂੰ ਅਰਾਮ ਆ ਗਿਆ।

ਭਾਈ ਸਾਹਿਬ ਨੇ ਕਿਹਾ, ਏਦਾਂ ਕਿਉਂ ਕੀਤਾ?

ਬੀਬੀ ਜੀ ਤਾਂ ਠੀਕ ਹੋ ਗਏ, ਪਰ ਦਾਸ ਦਾ ਸਾਰਾ ਹੀ ਰੰਗ ਉਡ ਗਿਆ। ਦਾਸ ਨੂੰ ਬਹੁਤ ਹੀ ਉਦਾਸ ਦੇਖ ਕੇ ਭਾਈ ਸਾਹਿਬ ਨੇ ਕਿਹਾ, ਏਦਾਂ ਕਿਉਂ ਕੀਤਾ? ਦਾਸ ਦਾ ਆਪਣੀ ਗਲਤੀ ਤੇ ਵੈਰਾਗ ਛਿੜ ਪਿਆ, ਜੋ ਥੰਮਣ ਵਿਚ ਹੀ ਨਾ ਆਵੇ। ਭਾਈ ਸਾਹਿਬ ਦਾਸ ਦਾ ਹੱਥ ਪਕੜ ਕੇ ਸਿਮਰਨ ਕਰਦੇ ਰਹੇ। ਹੁਣ ਤਿੰਨ ਵਜ ਚੁਕੇ ਸਨ। ਦਾਸ ਤੇ ਫਿਰ ਕਲਾ ਵਰਤ ਗਈ ਤੇ ਭਾਈ ਸਾਹਿਬ ਨੇ ਅੱਗੇ ਤੋਂ ਭਾਣਾ ਮੰਨਣ ਦੀ ਪ੍ਰੇਰਨਾ ਦਿੱਤੀ। ਦਾਸ ਨੂੰ ਆਪ ਨੇ ਪੰਜ ਰੁਪਏ ਤੇ ਬਹੁਤ ਸਾਰੇ ਸਰਬਲੋਹ ਦੇ ਬਰਤਨ ਦਿਤੇ। ਦਾਸ ਨੇ ਦੱਸਿਆ ਕਿ ਦਾਸ ਦੇਸੀ ਘਿਉ ਵਰਤਣ ਜੋਗਾ ਨਹੀਂ ਤਾਂ ਉਨ੍ਹਾਂ ਨੇ ਸਰਸੋਂ ਦਾ ਤੇਲ ਵਰਤਣ ਲਈ ਆਖਿਆ।

ਪਰਵਾਰ ਸਹਿਤ ਪੇਸ਼ ਹੋਣਾ -

ਭਾਈ ਸਾਹਿਬ ਦੀ ਪ੍ਰੇਰਨਾ ਨਾਲ ਦਾਸ ਨੇ ਰਿਕਸ਼ਾ ਵਾਹੁਣਾ ਛੱਡ ਦਿੱਤਾ ਤੇ ਡਾਕਖਾਨੇ ਚੌਂਕੀਦਾਰ ਭਰਤੀ ਹੋ ਗਿਆ। ਫਿਰ ਪੈਕਰ, ਪੋਸਟਮੈਨ ਤੋਂ ਕਲਰਕ ਬਣ

ਗਿਆ ਤੇ ਅੱਜ 19-4-84 ਨੂੰ ਦਾਸ ਛੋਟੇ ਪੋਸਟ ਮਾਸਟਰ ਦੇ ਆਰਡਰ ਆ ਗਏ ਹਨ। ਦਾਸ ਨੂੰ ਅੱਜ ਭਾਈ ਸਾਹਿਬ ਦੀ ਯਾਦ ਤਾਜ਼ਾ ਹੋ ਆਈ ਹੈ ਤਾਂ ਇਹ ਕੁਝ ਸਤਰਾਂ ਲਿਖੀਆਂ ਗਈਆਂ ਹਨ।

ਡਾਕਟਰ ਸਾਹਿਬ ਦੀ ਪ੍ਰੇਰਨਾ ਨਾਲ ਸਿੰਘਣੀ ਵੀ ਤੇ ਬੱਚੇ ਵੀ ਖ਼ਾਲਸਾਈ ਬਾਣੇ ਸੁਸ਼ੋਭਤ ਹੋ ਰਹੇ ਹਨ, ਜਿਨ੍ਹਾਂ ਨੂੰ ਦੇਖ ਕੇ ਬਾਊ ਮਲ ਸਿੰਘ ਜੀ ਵੀ ਬੜੇ ਪ੍ਰਸੰਨ ਹੋਏ ਸਨ। ਉਨ੍ਹਾਂ ਨੇ ਦਾਸਾਂ ਤੇ ਬਖਸ਼ਸ਼ ਕੀਤੀ ਅਤੇ ਸਾਰੇ ਪਰਵਾਰ ਨੂੰ ਪੰਜਾਂ ਪਿਆਰਿਆਂ ਦੇ ਪੇਸ਼ ਕਰਵਾ ਕੇ ਤਿਆਰ-ਬਰ-ਤਿਆਰ ਕਰ ਦਿੱਤਾ। ਦਾਸ ਅੱਜ ਵੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ, ਮਾਨਯੋਗ ਬਾਊ ਮਲ ਸਿੰਘ ਜੀ, ਡਾਕਟਰ ਸੁਰਿੰਦਰ ਸਿੰਘ ਜੀ ਅਤੇ ਆਪ ਜੀ ਜਿਹੇ ਹੋਰ ਸਚਖੰਡਵਾਸੀ ਉੱਚੀ ਸੁੱਚੀ ਕਰਣੀ ਵਾਲੇ ਗੁਰਸਿਖਾਂ ਅੱਗੇ ਸੀਸ ਨਿਵਾਂਦਾ ਹੈ ਅਤੇ ਜੋਦੜੀ ਕਰਦਾ ਹੈ :

ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ - ਅੰਗ ੧੨)

ਸੂਰਾ ਅੰਮ੍ਰਿਤਸਰ ਅਪ੍ਰੈਲ 1984

ਕੁਰਾਲੀ ਵਿਖੇ ਰੈਣਸਬਾਈ ਕੀਰਤਨ -

ਇਕੇਰਾਂ ਕੁਰਾਲੀ ਵਿਖੇ ਰੈਣਸਬਾਈ ਕੀਰਤਨ ਸਨ। ਭਾਈ ਤੇਜਿੰਦਰ ਸਿੰਘ ਦੇ ਦੱਸਣ ਮੁਤਾਬਕ ਇਹ ਕੀਰਤਨ ਅਖਾੜਾ ਸ. ਗੁਰਇਕਬਾਲ ਸਿੰਘ ਜੀ ਦੇ ਗ੍ਰਹਿ ਵਿਖੇ ਹੀ ਸਜਿਆ ਸੀ, ਜਿਨ੍ਹਾਂ ਦਾ ਜ਼ਿਕਰ ਪਿਛੇ ਆ ਚੁਕਾ ਹੈ। ਸ: ਗੁਰਇਕਬਾਲ ਸਿੰਘ ਡਾਕਟਰ ਜੀ ਦੇ ਬਹਿਨੋਈ ਸਨ। ਇਹਨਾਂ ਦਾ ਡਾਕਟਰ ਜੀ ਹੋਰਾਂ ਨਾਲ ਕੋਈ ਪਰਾ ਪੂਰਬਲਾ ਹੀ ਸੰਜੋਗ ਸੀ। ਡਾਕਟਰ ਜੀ ਚੰਡੀਗੜ੍ਹ ਤੋਂ ਭਾਈ ਤੇਜਿੰਦਰ ਸਿੰਘ ਜੀ ਨਾਲ ਇਕੱਠੇ ਹੀ ਰੈਣਸਬਾਈ ਤੇ ਕੁਰਾਲੀ ਪੁਜੇ। ਸਾਰੀ ਰਾਤ ਕੀਰਤਨ ਬੜੇ ਹੀ ਰੰਗਾਂ ਵਿਚ ਹੋਇਆ। ਜਦੋਂ ਆਤਮ ਵਿਗਾਸੀ ਰੂਹਾਂ ਅੰਮ੍ਰਿਤ ਬਾਣੀ ਦੇ ਕੀਰਤਨ ਵਿਚ ਆ ਜੁੜਦੀਆਂ ਹਨ ਤਾਂ ਚਲੂਲੇ ਰੰਗ ਹੀ ਖਿੜ ਜਾਂਦੇ ਹਨ। ਡਾਕਟਰ ਜੀ ਸਾਰੀ ਰਾਤ ਸਭ ਤੋਂ ਪਿਛੇ ਜੋੜਿਆਂ 'ਚ ਹੀ ਕੀਰਤਨ ਨਾਲ ਜੁੜੇ ਰਹੇ। ਇਸ ਸਮਾਗਮ ਵਿਖੇ ਡਾਕਟਰ ਜੀ ਨੇ ਵੀ ਕੀਰਤਨ ਦੀ ਹਾਜ਼ਰੀ ਭਰੀ ਅਤੇ ਐਸੇ ਕੀਰਤਨ 'ਚ ਜੁੜੇ ਕਿ ਸਾਰੀ ਸੰਗਤ ਹੀ ਵਿਸਮਾਦੀ ਰੰਗਣ ਵਿਚ ਰੰਗੀਜੀ ਗਈ। ਅਖੰਡ ਕੀਰਤਨੀ ਜਥੇ ਦੇ ਨਿਰੰਕਾਰੀ ਨਾਮੇ ਦੇ ਆਹਾਰੀਆਂ ਦਾ ਬਣਿਆ ਤਣਿਆ ਜਥਾ ਅਮਰੋ ਹੀ ਐਸਾ ਜੁੜਿਆ ਕਿ ਗੁਰਮੰਤ੍ਰ ਦੀਆਂ ਬਿਸਮਾਦੀ ਧੁਨੀਆਂ ਦਸਮ ਦੁਆਰੜੇ ਦੇ ਰੰਗ ਬਖਸ਼ ਬਖਸ਼ ਜਾਣ। ਇਸ ਤਰ੍ਹਾਂ ਕੀਰਤਨ ਵਿਚ ਹੀ ਮਸਤੋ ਮਸਤ ਸਾਰੀ ਸੂਖ ਬਿਹਾਨੀ ਰਾਤਰੀ ਬਤੀਤ ਹੋਈ, ਭੋਗ ਪਏ।

ਡਾਕਟਰ ਜੀ ਅਤੇ ਭਾਈ ਤੇਜਿੰਦਰ ਸਿੰਘ ਜੀ ਬੱਸ ਅੱਡੇ ਵਲ ਜਾਣ ਲਈ ਤਿਆਰੇ ਕਰਨ ਲੱਗੇ ਤਾਂ ਭਾਈ ਤੇਜਿੰਦਰ ਸਿੰਘ ਨੇ ਡਾਕਟਰ ਜੀ ਨੂੰ ਕਿਹਾ ਕਿ ਤੁਹਾਡੇ ਬਹਿਨੋਈ ਨੂੰ ਬੇਨਤੀ ਕਰ ਵੇਖੀਏ ਕਿ ਉਹ ਵੀ ਜਥੇ 'ਚ ਪੇਸ਼ ਹੋ ਅੰਮ੍ਰਿਤਧਾਰੀ ਖ਼ਾਲਸੇ ਸਜ ਜਾਣ ਅਤੇ ਪੰਜ ਕਕਾਰੀ ਰਹਿਤ ਵਿਚ ਤਿਆਰ-ਬਰ-ਤਿਆਰ ਰਿਹਾ ਕਰਨ। ਡਾਕਟਰ ਜੀ ਮੁਸਕਰਾ ਕੇ ਕਹਿਣ ਲੱਗੇ, ਛੱਡ ਯਾਰ, ਆ ਚਲੀਏ ਅਤੇ ਇੰਨਾ ਕਹਿ ਕੇ ਉਹ ਬੱਸ ਅੱਡੇ ਵਲ ਨੂੰ ਤੁਰ ਪਏ। ਪਰ ਭਾਈ ਤੇਜਿੰਦਰ ਸਿੰਘ ਜੀ ਦੇ ਮਨ ਵਿਚ ਆਇਆ ਕਿ ਚਲੋ ਜੇ ਡਾਕਟਰ ਜੀ ਨਹੀਂ ਕਹਿੰਦੇ ਤਾਂ ਮੈਂ ਇਕੱਲਾ ਹੀ ਉਹਨਾਂ ਨੂੰ ਬੇਨਤੀ ਕਰ ਵੇਖਦਾ ਹਾਂ। ਇਤਨਾ ਸੋਚ ਕੇ ਤੇਜਿੰਦਰ ਸਿੰਘ ਹੋਰੀਂ ਉਹਨਾਂ ਦੇ ਕਮਰੇ ਵਿਚ ਚਲੇ ਗਏ, ਜਿਥੇ ਉਹ ਇਕ ਬੜੇ ਵੱਡੇ ਸ਼ਹਿਨਸ਼ਾਹੀ ਪਲੰਘ ਤੇ ਅਮੀਰੀ ਠਾਠ ਵਿਚ ਬਿਰਾਜੇ ਹੋਏ ਸਨ। ਭਾਈ

ਤੇਜਿੰਦਰ ਸਿੰਘ ਜੀ ਕਹਿਣ ਲੱਗੇ, ਵੀਰ ਜੀ, ਸੱਚੇ ਪਾਤਿਸ਼ਾਹ ਜੀ ਦੀ ਮਹਾਨ ਕਿਰਪਾ ਹੈ, ਸਤਿਗੁਰੂ ਜੀ ਨੇ ਆਪ ਨੂੰ ਸਭ ਸੁਖ ਅਰਾਮ ਬਖਸ਼ੇ ਹਨ। ਆਪ ਦੇ ਪ੍ਰਵਾਰਿਕ ਦਾਇਰੇ ਚੋਂ ਡਾਕਟਰ ਸੁਰਿੰਦਰ ਸਿੰਘ ਜੀ ਇਕ ਪੁਜੇ ਹੋਏ ਮਹਾਨ ਗੁਰਸਿਖ ਹਨ। ਪਰ ਦਾਸ ਨੂੰ ਇਹ ਹੈਰਾਨਗੀ ਹੈ ਕਿ ਤੁਸੀਂ ਅਜੇ ਤੱਕ ਪੰਜ ਕਕਾਰੀ ਰਹਿਤ ਬਹਿਤ ਤੋਂ ਵੰਚਿਤ ਕਿਉਂ ਹੋ? ਕਿਨ੍ਹਾਂ ਚੰਗਾ ਹੋਵੇ ਜੇ ਤੁਸੀਂ ਵੀ ਪੰਜਾਂ ਪਿਆਰਿਆਂ ਦੇ ਪੇਸ਼ ਹੋ ਕੇ ਅੰਮ੍ਰਿਤ ਛਕ ਲਵੋ। ਇਤਨਾ ਕਹਿ ਕੇ ਭਾਈ ਤੇਜਿੰਦਰ ਸਿੰਘ ਜੀ ਉਹਨਾਂ ਦੇ ਉਤਰ ਦੀ ਉਡੀਕ ਕਰਨ ਲੱਗ ਪਏ। ਸ਼ਾਹੀ ਠਾਠ ਵਾਲੇ ਪਲੰਘ ਤੋਂ ਸਰਦਾਰ ਸਾਹਿਬ ਉਠੇ ਅਤੇ ਤੇਜਿੰਦਰ ਸਿੰਘ ਨੂੰ ਕਹਿਣ ਲੱਗੇ, ਮੈਂ ਤਾਂ ਇਹ ਕਹਿੰਦਾ ਹਾਂ ਕਿ ਰੱਬ ਇਕ ਕੰਮ ਕਰੇ ਕਿ ਤੁਸੀਂ ਮੇਰੀ ਜਗ੍ਹਾ ਬੈਠ ਜਾਉ ਅਤੇ ਮੈਂ ਤੁਹਾਡੀ ਜਗ੍ਹਾ ਬੈਠ ਜਾਨਾ ਹਾਂ। ਇਹ ਜਵਾਬ ਸੁਣ ਕੇ ਤੇਜਿੰਦਰ ਸਿੰਘ ਜੀ ਥੋੜ੍ਹਾ ਜਿਹਾ ਕੰਬੇ ਅਤੇ ਫੋਰਨ ਉਥੋਂ ਫਤੇ ਬੁਲਾ ਕਾਹਲੇ-ਕਾਹਲੇ ਕਦਮੀਂ ਬੱਸ ਸਟੈਂਡ ਵੱਲ ਨੂੰ ਨਸ ਪਏ। ਡਾਕਟਰ ਜੀ ਅੱਗੇ ਵਿਸਮਾਦੀ ਰੰਗਾਂ ਵਿਚ ਮਸਤ ਖੜੇ ਸਨ ਅਤੇ ਤੇਜਿੰਦਰ ਸਿੰਘ ਨੂੰ ਦੇਖਣ ਸਾਰ ਹੀ ਕਹਿਣ ਲੱਗੇ, ''ਬੜੀ ਜਲਦੀ ਕੀਤੀ ਭਜਣ ਦੀ, ਜਿਵੇਂ ਉਹ ਕਹਿੰਦਾ ਸੀ, ਕਰ ਦੇਣਾ ਸੀ। ਬੜੇ ਕਾਹਲੇ ਕਦਮੀ ਆ ਰਿਹਾ ਏਂ।'' ਭਾਈ ਤੇਜਿੰਦਰ ਸਿੰਘ ਜੀ ਆਪਣੀ ਕਰਨੀ ਕਰਕੇ ਕੁਝ ਲਜਿਤ ਹੋਏ। ਫਿਰ ਡਾਕਟਰ ਜੀ ਬੜੇ ਹੀ ਸਹਿਜ ਵਿਚ ਕਹਿਣ ਲੱਗੇ, ਭਾਈ, ਗੁਰੂ ਦੀ ਕਰਣੀ ਵਿਚ ਕਉਣ ਮੋੜ-ਘੋੜ ਕਰ ਸਕਦਾ ਹੈ। ਗੁਰੂ ਦੀ ਰਜ਼ਾ ਵਿਚ ਦਖਲ ਨਹੀਂ ਦੇਣਾ ਚਾਹੀਦਾ।

ਬੱਸ ਅੱਡੇ ਤੇ ਇਕ ਸਿਗਰਟ ਪੀਣ ਵਾਲੇ ਦੀ ਵਾਰਤਾ -

ਕੁਦਰਤ ਨੇ ਜਿੰਨ੍ਹੇ ਵੀ ਭਾਂਡੇ ਸਾਜੇ ਹਨ, ਕੋਈ ਵੀ ਕਿਸੇ ਨਾਲ ਨਹੀਂ ਮਿਲਦਾ। ਜਿਵੇਂ ਬਾਹਰੀ ਸ਼ਕਲਾਂ ਵਿਚ ਫਰਕ ਹੁੰਦਾ ਹੈ, ਤਿਵੇਂ ਹੀ ਹਰ ਇਕ ਦੀ ਬੁਧ ਤੇ ਵਿਚਾਰਾਂ ਦੀ ਕੜੀ ਵੀ ਵੱਖ-ਵੱਖ ਹੁੰਦੀ ਹੈ। ਜੇ ਕੋਈ ਇਕ ਜੋਸ਼ੀਲਾ ਹੈ ਤਾਂ ਦੂਜਾ ਸ਼ਾਂਤ ਚਿਤ ਜੀਅੜਾ ਸੀਤਲਤਾ ਦਾ ਭੰਡਾਰ ਹੈ। ਇਸੇ ਤਰ੍ਹਾਂ ਦਾ ਫਰਕ ਡਾਕਟਰ ਜੀ ਦੀਆਂ ਯਾਦਾਂ ਸਾਹਮਣੇ ਆਉਂਦਾ ਹੈ। ਇਕੇਰਾਂ ਭਾਈ ਤੇਜਿੰਦਰ ਸਿੰਘ ਜੀ ਅਤੇ ਡਾਕਟਰ ਜੀ ਬਸ-ਅੱਡੇ ਤੇ ਬੱਸ ਦੀ ਉਡੀਕ ਕਰ ਰਹੇ ਸਨ। ਦੂਰ ਖਲੋਤਾ ਇਕ ਹਿੰਦੂ ਸਾਦੇ ਜਿਹੇ ਲਿਬਾਸ ਵਿਚ ਸਿਗਰਟ ਪੀ ਰਿਹਾ ਸੀ। ਹਵਾ ਦਾ ਰੁਖ ਇਸ ਪਾਸੇ ਵੱਲ ਦਾ ਹੋਣ ਕਰਕੇ ਸਾਰੀ ਬਦਬੂ ਇਧਰ ਨੂੰ ਆ ਰਹੀ ਸੀ। ਭਾਈ ਤੇਜਿੰਦਰ ਸਿੰਘ ਦਾ ਜੋਸ਼ੀਲਾ ਸੁਭਾਅ ਹੈ, ਸੋ ਉਨ੍ਹਾਂ ਦਾ ਜੋਸ਼ ਵਿਚ ਆ ਜਾਣਾ ਕੁਦਰਤੀ ਸੀ। ਡਾਕਟਰ ਜੀ ਨੂੰ ਕਹਿਣ ਲੱਗੇ, ''ਮੈਂ ਇਸ ਚਲਦੀ

ਫਿਰਦੀ ਸਿਗਰਟ ਨੂੰ ਜ਼ਰਾ ਸੋਧਾ ਫੇਰਾਂ, ਕਿਥੇ ਖੜਾ ਗੰਦਗੀ ਖਿਲਾਰ ਰਿਹਾ ਹੈ। ਇਧਰ ਡਾਕਟਰ ਜੀ ਸ਼ਾਂਤੀ ਦੇ ਪੁੰਜ, ਕਹਿਣ ਲੱਗੇ, ''ਭਾਈ, ਆਪਾਂ ਥੋੜ੍ਹਾ ਅਗਾਂਹ ਹੋ ਜਾਂਦੇ ਹਾਂ, ਉਹਨੂੰ ਕਾਹਨੂੰ ਕੁਝ ਕਹਿਣਾ ਹੈ। ਝਗੜਾ ਠੀਕ ਨਹੀਂ ਹੁੰਦਾ।'' ਪਰ ਤੇਜਿੰਦਰ ਸਿੰਘ ਜੀ ਕਹਿਣ ਲੱਗੇ, ''ਇਹੋ ਜਿਹੇ ਬਦਬੂ ਪੈਦਾ ਕਰਨ ਵਾਲਿਆਂ ਨੂੰ ਖੂਬ ਕੁਟਾਪਾ ਚਾੜ੍ਹਨਾ ਚਾਹੀਦਾ ਹੈ ਏਹ ਤਾਂ ਤੁਸੀਂ ਕਹਿ ਰਹੇ ਜੇ, ਤਾਂ ਪਰ੍ਹੇ ਹੋ ਜਾਂਦੇ ਹਾਂ। ਪਰ ਉਹ ਕਿਉਂ ਨਹੀਂ ਪਰ੍ਹੇ ਹੋ ਸਕਦਾ।'' ਡਾਕਟਰ ਜੀ ਫਿਰ ਇਹੋ ਕਹਿਣ ਲੱਗੇ, ''ਛੱਡ ਯਾਰ, ਰਹਿਣ ਦੇ, ਕਿਸੇ ਦੇ ਕੰਮ ਵਿਚ ਦਖਲ ਅੰਦਾਜ਼ੀ ਨਹੀਂ ਕਰੀਦੀ।''

ਇਤਨਾ ਵਿਚਾਰ ਅਜੇ ਚਲ ਹੀ ਰਿਹਾ ਸੀ ਕਿ ਸਿਗਰਟ ਪੀਣ ਵਾਲਾ ਸਾਦਾ ਜਿਹਾ ਆਦਮੀ ਸਿਗਰਟ ਨੂੰ ਵਹਾਅ, ਨਲਕੇ ਤੋਂ ਹੱਥ ਧੋ, ਇਨ੍ਹਾਂ ਵਲ ਨੂੰ ਆ ਗਿਆ। ਉਸ ਨੇ ਲਾਗੇ ਆ ਕੇ ਸਿਧੇ ਭਾਈ ਤੇਜਿੰਦਰ ਸਿੰਘ ਦੇ ਗੋਡਿਆਂ ਨੂੰ ਫੜ ਲਿਆ ਅਤੇ ਕਹਿਣ ਲੱਗਾ, ''ਬਾਬਾ ਜੀ, ਮੈਨੂੰ ਮੁਆਫ ਕਰ ਦੇਣਾ। ਮੈਂ ਦੂਰ ਖਲੋਤਾ ਸਿਗਰਟ ਪੀ ਰਿਹਾ ਸਾਂ। ਹੁਣ ਮੈਂ ਬਿਲਕੁਲ ਸਿਗਰਟ ਨਹੀਂ ਪੀਵਾਂਗਾ, ਕੇਸ ਕਤਲ ਨਹੀਂ ਕਰਾਵਾਂਗਾ।'' ਭਾਈ ਤੇਜਿੰਦਰ ਸਿੰਘ ਜੀ ਉਸਨੂੰ ਪਰ੍ਹੇ ਕਰਨ, ਪਰ ਉਹ ਫਿਰ ਫਿਰ ਤੇਜਿੰਦਰ ਸਿੰਘ ਦੇ ਪੈਰੀਂ ਹੱਥ ਲਾਈ ਜਾਵੇ ਅਤੇ ਕਹੇ ਕਿ ਮੈਨੂੰ ਆਪਣੇ ਵਰਗਾ ਬਣਾ ਲਉ। ਤੇਜਿੰਦਰ ਸਿੰਘ ਜੀ ਦਾ ਹੱਥ ਫੜ ਆਪਣੇ ਸਿਰ ਤੇ ਰਖੇ ਅਤੇ ਕਹੇ ਕਿ ਮੈਨੂੰ ਅਸੀਸ ਦਿਉ ਅਤੇ ਸਿਖੀ ਬਖਸ਼ੋ। ਮੇਰੇ ਸਾਰੇ ਬੰਧਨ ਕੱਟ ਦਿਉ, ਕਰੋ ਕਿਰਪਾ ਮੈਨੂੰ ਆਪਣੇ ਨਾਲ ਮਿਲਾ ਲਉ। ਇਹ ਸਾਰਾ ਨਜ਼ਾਰਾ ਡਾਕਟਰ ਜੀ ਕੋਲ ਖੜੇ ਇਉਂ ਦੇਖ ਰਹੇ ਸਨ ਅਤੇ ਮੁਸਕਰਾ ਰਹੇ ਸਨ ਜਿਵੇਂ ਕਿ ਸਾਰੀ ਬਿਧ ਸਿਰਫ ਤੇਜਿੰਦਰ ਸਿੰਘ ਜੀ ਨੂੰ ਸਮਝਾਉਣ ਖਾਤਰ ਹੀ ਰਚੀ ਗਈ ਹੈ। ਭਾਈ ਤੇਜਿੰਦਰ ਸਿੰਘ ਜੀ ਕਹਿੰਦੇ ਹਨ ਕਿ ਜਦੋਂ ਉਹ ਆਦਮੀ ਮੇਰਾ ਖਹਿੜਾ ਹੀ ਨਾ ਛੱਡੇ ਤਾਂ ਮੈਂ ਡਾਕਟਰ ਜੀ ਵੱਲ ਵੇਖ ਕੇ ਕਿਹਾ, ''ਡਾਕਟਰ ਜੀ, ਮੇਰਾ ਖਹਿੜਾ ਕਿਉਂ ਨਹੀਂ ਛੱਡਾਉਂਦੇ ਇਸ ਕੋਲੋਂ! ਤਾਂ ਡਾਕਟਰ ਜੀ ਸਹਿਜ ਸੁਭਾਅ ਵਿਚ ਕਹਿਣ ਲੱਗੇ, ''ਭਾਈ, ਤੂੰ ਤਾਂ ਇਸ ਨਾਲ ਲੜਨ ਨੂੰ ਤਿਆਰ ਸੀ। ਪਰ ਹੁਣ ਜੋ ਕੁਝ ਉਹ ਮੇਰੇ ਕੋਲੋਂ ਚਾਹੁੰਦਾ ਹੈ, ਹਿੰਮਤ ਹੈ ਤਾਂ ਉਸਨੂੰ ਬਖਸ਼ ਦੇ।'' ਇੰਨਾ ਕਹਿ ਡਾਕਟਰ ਜੀ ਅੰਦਰੋਂ ਅੰਦਰ ਹੱਸੀ ਜਾਣ ਅਤੇ ਇਸ ਸਾਰੀ ਖੇਡ ਨੂੰ ਵਾਚੀ ਜਾਣ। ਹਾਰ ਥਕ ਮਸਾਂ ਹੀ ਤੇਜਿੰਦਰ ਸਿੰਘ ਹੋਰਾਂ ਨੇ ਉਸ ਸਿਗਰਟ-ਨੋਸ਼ ਤੋਂ ਆਪਣੀ ਜਾਨ ਛੁਡਾਈ। ਜਦ ਉਹ ਥੋੜੀ ਦੂਰ ਚਲਾ ਗਿਆ ਤਾਂ ਡਾਕਟਰ ਜੀ ਕਹਿਣ ਲੱਗੇ, ''ਸੁਣਾ ਭਾਈ, ਕਿਵੇਂ ਬੀਤੀ ਅਤੇ ਫਿਰ ਬੜੇ ਹੀ ਰੰਗੀਲੇ ਲਹਿਜੇ ਵਿਚ ਕਹਿਣ ਲੱਗੇ, ''ਭਾਈ, ਕਿਸੇ ਦੇ ਕੰਮ ਵਿਚ ਬਿਨਾਂ ਬੁਲਾਏ ਦਖਲ ਨਹੀਂ ਦੇਣਾ ਚਾਹੀਦਾ।

ਵਾਹਿਗੁਰੂ ਪਿਤਾ ਜਾਣੇ, ਉਸਦੇ ਹੀ ਸਭ ਰੰਗ ਹਨ। ਸਾਨੂੰ ਲੋਕਾਂ ਨੂੰ ਪਹਿਲਾਂ ਆਪਣਾ ਆਪ ਸੁਧਾਰਨਾ ਦੀ ਲੋੜ ਹੈ :

ਔਰਨ ਕਹ ਉਪਦੇਸਤ ਹੈ ਪਸੁ ਤੋਹਿ ਪਰਬੋਧ ਨ ਲਾਗੋ।।

(ਸ੍ਰੀ ਦਸਮ ਗ੍ਰੰਥ ਸਾਹਿਬ ਜੀ - ਅੰਗ ੭੧੦)

ਅਤੇ ਫਿਰ ਕਹਿਣ ਲੱਗੇ, ਭਾਈ,

ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ।।

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ - ਅੰਗ ੩੮੧)

ਇਹੋ ਜਿਹੇ ਕਈ ਦ੍ਰਿਸ਼ਟਾਂਤ ਦੇ ਕੇ ਡਾਕਟਰ ਜੀ ਨੇ ਭਾਈ ਤੇਜਿੰਦਰ ਸਿੰਘ ਨੂੰ ਠੰਢਾ ਕੀਤਾ। ਡਾਕਟਰ ਜੀ ਜਿਥੇ ਹਿਤ ਹੁੰਦਾ ਸੀ, ਉਥੇ ਉਨ੍ਹਾਂ ਵਿਚ ਜਾ ਕੇ ਇਉਂ ਘੁਲ-ਮਿਲ ਜਾਂਦੇ ਜਿਵੇਂ ਕਿ ਕੋਈ ਬਿਗਾਨਾ ਹੁੰਦਾ ਹੀ ਨਹੀਂ। ਕਈ ਵੇਰਾਂ ਉਨ੍ਹਾਂ ਨੇ ਭਾਈ ਤੇਜਿੰਦਰ ਸਿੰਘ ਦੇ ਘਰ ਜਾਣਾ, ਜੋ ਕੁਝ ਬਣਿਆ ਹੁੰਦਾ, ਉਸ ਨੂੰ ਪਰ੍ਹੇ ਕਰਕੇ ਕਹਿਣਾ ਕਿ ਕੋਈ ਮਿੱਸਾ ਪ੍ਰਸ਼ਾਦਾ ਹੈ ਤਾਂ ਦਸੋ। ਜੇ ਕੋਈ ਹੋਣਾ ਤਾਂ ਉਸਨੂੰ ਥੋੜਾ ਜਿਹਾ ਨਮਕ ਧੂੜ ਕੇ ਬੱਚਿਆਂ ਵਾਂਗੂ ਗੋਲ-ਮੋਲ ਕਰ ਕੇ ਬੜੀ ਹੀ ਮਗਨ ਬਿਰਤੀ ਨਾਲ ਖਾਣਾ ਅਰੰਭ ਦੇਣਾ। ਖਾਂਦਿਆਂ-ਖਾਂਦਿਆਂ ਉਹਨਾਂ ਇਸ ਤਰ੍ਹਾਂ ਸਵਾਦ ਲੈਣਾ ਜਿਵੇਂ ਕੋਈ ਛੱਤੀ ਪ੍ਰਕਾਰੀ ਭੋਜਨ ਦਾ ਅਨੰਦ ਮਾਣ ਰਿਹਾ ਹੋਵੇ।

ਸੂਰਾ ਅੰਮ੍ਰਿਤਸਰ ਮਈ 1984

ਜਿਸ ਪਰਵਾਰ ਵਿਚ ਸਿੰਘ ਸਿੰਘਣੀ ਦਾ ਆਪਸ ਵਿਚ ਝਗੜਾ ਰਹਿੰਦਾ ਹੋਵੇ, ਇਥੋਂ ਤਕ ਕਿ ਭਾਵੇਂ ਮਾਮੂਲੀ ਖਿਚੋਤਾਣ ਹੀ ਹੋਵੇ, ਡਾਕਟਰ ਸੁਰਿੰਦਰ ਸਿੰਘ ਜੀ ਉਸ ਪਰਵਾਰ ਵਿਚ ਦੁਬਾਰਾ ਪੈਰ ਨਹੀਂ ਸਨ ਪਾਉਂਦੇ। ਡਾਕਟਰ ਜੀ ਮਿਸਾਲ ਦਿਆ ਕਰਦੇ ਸਨ ਕਿ ਉਹ ਸਿਰਫ 12 ਕੁ ਸਾਲ ਦੇ ਹੀ ਸਨ ਕਿ ਜਦੋਂ ਉਹਨਾਂ ਦੇ ਮਾਤਾ ਪਿਤਾ ਜੀ ਦੋ ਕੁ ਸਾਲ ਦੀ ਵਿਥ ਨਾਲ 1938 ਤੇ 1940 ਵਿਚ ਅਕਾਲ ਚਲਾਣਾ ਕਰ ਗਏ ਸਨ। ਅਤੇ ਦੱਸਦੇ ਸਨ ਕਿ ਉਹਨਾਂ ਨੇ ਆਪਣੀ ਹੋਸ਼ ਵਿਚ ਕਦੀ ਆਪਣੇ ਮਾਤਾ ਪਿਤਾ ਨੂੰ ਝਗੜਾ ਕਰਦਿਆਂ ਨਹੀਂ ਸੀ ਦੇਖਿਆ। ਉਹ ਇਕ ਦੂਜੇ ਦਾ ਸਤਿਕਾਰ ਗੁਰਸਿਖਾਂ ਦੀ ਤਰ੍ਹਾਂ ਕਰਿਆ ਕਰਦੇ ਸਨ। ਸਵੇਰੇ ਇਕੱਠੇ ਅੰਮ੍ਰਿਤ ਵੇਲੇ ਦੀ ਸੰਭਾਲ ਕਰਨੀ। ਪਿਛਲੀ ਰਾਤੀਂ ਉਠ ਕੇ 'ਏਕ ਜੋਤਿ ਦੁਇ ਮੂਰਤੀ' ਵਾਲੀ ਸੁਭਾਗਿਅੜੇ ਗ੍ਰਿਹਸਥੀਆਂ ਨੇ ਇਕੱਠੇ ਨਾਮ ਅਭਿਆਸ ਉਪਰੰਤ ਨਿਤਨੇਮ ਕਰਨਾ। ਡਾਕਟਰ ਜੀ ਦੀ ਮਾਤਾ ਤੇਜ ਕੌਰ ਜੀ ਨੇ ਸੁਖਮਨੀ ਸਾਹਿਬ ਦਾ ਪਾਠ ਕੰਠਾਗਰ ਕੀਤਾ ਸੀ ਜਿਸ ਨੂੰ ਉਹ ਬੜੇ ਹੀ ਰੰਗਾਂ ਵਿਚ ਉਚਾਰਦੇ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਬੱਚੀ ਬੀਬੀ ਦਲੇਰ ਕੌਰ ਜੀ ਦੱਸਦੇ ਹਨ ਕਿ ਜਦੋਂ ਬੀਬੀ ਤੇਜ ਕੌਰ ਜੀ ਸੰਨ 1938 ਵਿਖੇ ਵਾਹਿਗੁਰੂ ਨੂੰ ਪਿਆਰੇ ਹੋ ਗਏ ਤਾਂ ਸੂਬੇਦਾਰ ਹਰਿਬਚਨ ਸਿੰਘ ਜੀ ਉਨ੍ਹਾਂ ਤੋਂ ਪਿਛੋਂ ਕੁਝ ਇਕੱਲਾਪਨ ਮਹਿਸੂਸ ਕਰਨ ਲਗ ਪਏ ਅਤੇ ਬਾਊ ਜੀ ਨੂੰ ਕਹਿਣ ਲੱਗੇ, ''ਬਾਊ ਜੀ ਹੁਣ ਮੇਰਾ ਦਿਲ ਨਹੀਂ ਲਗਦਾ, ਮੈਨੂੰ ਮੇਰੀ ਸਿੰਘਣੀ ਤੇਜ ਕੌਰ ਬਹੁਤ ਯਾਦ ਆਉਂਦੀ ਹੈ, ਖਾਸ ਕਰਕੇ ਰਾਤੀਂ ਜਦੋਂ ਉਠਦਾ ਹਾਂ ਤਾਂ ਮੈਂ ਆਪਣੇ ਆਪ ਨੂੰ ਇਕੱਲਾ ਮਹਿਸੂਸ ਕਰਦਾ ਹਾਂ। ਉਹ ਬੜੇ ਹੀ ਪਿਆਰ ਨਾਲ ਮਧੁਰ ਧੁੰਨ ਵਿਚ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਬਖਸ਼ਸ਼ ਕਰਿਆ ਕਰਦੇ ਸਨ। ਹੁਣ ਤਾਂ ਜੀਅ ਚਾਹੁੰਦਾ ਏ ਕਿ ਸੱਦਾ ਜਲਦੀ ਹੀ ਆ ਜਾਵੇ।'' ਬਿਰਹੋਂ ਵਿਚ ਹੀ ਭਾਈ ਹਰਿਬਚਨ ਸਿੰਘ ਜੀ ਨੇ ਮਸਾਂ ਦੋ ਕੁ ਸਾਲ ਬਿਤਾਏ ਅਤੇ 1940 ਵਿਚ ਆਪਣੇ ਵੱਡੇ ਵੀਰ ਪਾਸ ਟਿਕੇ ਹੋਇਆਂ ਹੀ ਸਰੀਰ ਛੱਡ ਗਏ। ਡਾਕਟਰ ਜੀ ਦੇ ਮਾਤਾ ਪਿਤਾ ਦੇ ਆਪਸੀ ਪਿਆਰ ਸਤਿਕਾਰ ਦਾ ਇਥੋਂ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਕਿੰਨਾ ਪਿਆਰ ਸੀ ਆਪਸ ਵਿਚ।

ਹਰ ਗ੍ਰਿਹਸਥੀ-ਪਰਿਵਾਰ ਨੂੰ ਡਾਕਟਰ ਜੀ ਦਾ ਇਹੋ ਹੀ ਪਿਆਰਨਾ-ਪਿਆਰ ਦਾ ਉਪਦੇਸ਼ ਹੋਇਆ ਕਰਦਾ ਸੀ ਕਿ ਭਾਈ ਸਿੰਘਣੀ ਦਾ ਸਤਿਕਾਰ ਕਰਨਾ ਚਾਹੀਦਾ

ਹੈ। ਆਪ ਖਾਸ ਕਰਕੇ ਸਿੰਘਣੀਆਂ ਨੂੰ ਬਹੁਤ ਵਡਿਆਈ ਬਖਸ਼ਿਆ ਕਰਦੇ ਸਨ। ਕਿਹਾ ਕਰਦੇ ਸਨ ਕਿ ਇਹ ਸਿੰਘਣੀ ਤੁਹਾਡੀ ਕਿੰਨੀ ਸੇਵਾ ਕਰਦੀ ਹੈ, ਪਰ ਤੁਸੀਂ ਲੋਕ ਅਕ੍ਰਿਤਘਣਤਾ ਦਾ ਸਬੂਤ ਦੇ ਕੇ ਉਹਦੇ ਨਾਲ ਫਿਕੇ ਬੋਲ ਬੋਲਣ ਤੋਂ ਕਦੀ ਵੀ ਗੁਰੇਜ਼ ਨਹੀਂ ਕਰਦੇ। ਤੁਸੀਂ ਉਸ ਨੂੰ ਨਿੰਦਦੇ ਹੀ ਰਹਿੰਦੇ ਹੋ ਤੇ ਕਹਿੰਦੇ ਹੋ ਕਿ ਫਲਾਣਾ ਕੰਮ ਨਹੀਂ ਕਰਦੀ, ਸੁਸਤ ਹੈ ਅਤੇ ਆਦਿ। ਪਰ ਅੱਜ ਤਕ ਕਦੇ ਵੀ ਕਿਸੇ ਸਿੰਘਣੀ ਨੇ ਆਪਣੇ ਸਿੰਘ ਬਾਰੇ ਨਾ ਤਾਂ ਮਾੜਾ ਬਚਨ ਕੀਤਾ ਹੈ, ਨਾ ਹੀ ਕਦੀ ਸੁਣਿਆ ਹੈ। ਕਿਸੇ ਸਿੰਘਣੀ ਸਾਹਮਣੇ ਉਸ ਦੇ ਸਿੰਘ ਦੀ ਕੋਈ ਮਾੜੀ ਬਾਤ ਕਰਕੇ ਦੇਖੋ ਉਸ ਵੇਲੇ ਉਸਦਾ ਜਵਾਬ ਦੇ ਮਾਰਦੀ ਹੈ। ਪਰ ਇਸਦੇ ਮੁਕਾਬਲੇ ਵਿਚ ਸਿੰਘ ਆਪ ਹੀ ਆਪਣੀਆਂ ਸਿੰਘਣੀਆਂ ਬਾਰੇ ਵੱਧ-ਘੱਟ ਬਚਨ ਬੋਲਦੇ ਹਨ। ਇਹ ਗ੍ਰਿਹਸਥੀ ਜੀਵਨ ਅਸਲ ਗ੍ਰਿਹਸਥ ਤਾਂ ਹੀ ਹੈ ਜੇ ਸਿੰਘ ਸਿੰਘਣੀ ਦਾ ਆਪਸ ਵਿਚ ਬਿਰਹੋਂ ਚੋਟ ਮਾਰਨ ਵਾਲਾ ਪਿਆਰ ਹੋਵੇ ਜੇ ਫਿੱਕਾ ਜਿਹਾ ਸਵਾਰਥੀਆਂ ਵਾਲਾ ਅਤੇ ਹਰ ਘੜੀ ਕਲੇਸ਼ ਵਾਲਾ ਹੀ ਜੀਵਨ ਸਾਥ ਹੈ ਤਾਂ ਨਰਕ ਲੱਭਣ ਦੀ ਲੋੜ ਨਹੀਂ, ਘਰ ਹੀ ਨਰਕ ਹੈ।

ਡਾਕਟਰ ਜੀ ਦੱਸਦੇ ਹੁੰਦੇ ਸਨ ਕਿ ਮੈਨੂੰ ਕੋਈ ਬੀਬੀ ਇਕ ਵੇਰਾਂ ਪ੍ਰਸ਼ਾਦਾ ਤਿਆਰ ਕਰ, ਛਕਾ ਦਵੇ ਤਾਂ ਮੈਂ ਉਸਦਾ ਸਦਾ ਲਈ ਰਿਣੀ ਰਹਿੰਦਾ ਹਾਂ, ਪਰ ਜਿਸ ਸਿੰਘ ਦੀ ਸਿੰਘਣੀ ਉਸਦੀ 24 ਘੰਟੇ ਸੇਵਾ ਕਰਦੀ ਹੈ, ਜੇ ਉਹ ਫਿਰ ਵੀ ਸਿੰਘਣੀ ਨੂੰ ਮਾੜਾ ਚੰਗਾ ਬਚਨ ਕਹੇ ਤਾਂ ਮੈਨੂੰ ਬਹੁਤ ਦੁਖ ਹੁੰਦਾ ਹੈ। ਇਸ ਲਈ ਉਸਦੇ ਘਰ ਜਾਣ ਨੂੰ ਮੇਰਾ ਅੰਦਰਲਾ ਮਨ ਨਹੀਂ ਮੰਨਦਾ। ਹਰ ਗ੍ਰਿਹਸਥੀ ਨੂੰ ਕਿਹਾ ਕਰਦੇ ਸਨ ਕਿ ਸਿੰਘਣੀ ਨਾਲ ਇਕ ਗੁਰਸਿਖ ਦੀ ਨਿਆਈਂ ਸੰਗਤ ਰਖੋ, ਇਕੱਠੇ ਗੁਰਸਿਖੀ ਜੀਵਨ 'ਚ ਇਕ-ਮੁਠ ਹੋ ਕੇ ਰਹੋ, ਪਿਆਰ ਸਹਿਤ ਇਕ ਦੂਜੇ ਦਾ ਪੂਰਨ ਸਤਿਕਾਰ ਕਰੋ। ਘਰ ਵਿਚ ਹੀ ਮਸਤ ਰਹੋ ਅਤੇ ਸਿਖੀ ਜੀਵਨ ਦੀ ਸੱਚੀ-ਸੁੱਚੀ ਕਮਾਈ ਕਮਾਉ।

ਭਾਈ ਹਰਮੋਹਨ ਸਿੰਘ ਜੀ ਦੱਸਦੇ ਹਨ ਕਿ ਡਾਕਟਰ ਜੀ ਕਦੇ ਕਦਾਈਂ ਉਹਨਾਂ ਪਾਸ ਠਹਿਰਿਆ ਕਰਦੇ ਸਨ। ਇਕ ਦਿਨ ਮੈਂ ਉਹਨਾਂ ਦੀ ਹਾਜ਼ਰੀ ਵਿਚ ਆਪਣੇ ਪਰਵਾਰ ਨੂੰ ਕੋਸਣ ਲਗ ਪਿਆ। ਕਿ ਇਹਨਾਂ ਵਾਸਤੇ ਕੀ ਕੁਝ ਕਰੀਦਾ ਹੈ, ਚੰਗਾ ਖਾਣ ਨੂੰ ਦੇਈਦਾ ਹੈ, ਚੰਗਾ ਪਹਿਨਣ ਨੂੰ ਦੇਈਦਾ ਹੈ, ਪਰ ਇਹ ਫਿਰ ਵੀ ਗੁਰਸਿਖੀ ਵਲ ਨੂੰ ਚੜ੍ਹਦੀ ਕਲਾ ਵਿਚ ਨਹੀਂ ਜਾਂਦੇ। ਡਾਕਟਰ ਜੀ ਸਭ ਕੁਝ ਸੁਣ ਰਹੇ ਸਨ। ਉਦੋਂ ਤੇ ਕੁਝ ਨਾ ਬੋਲੇ, ਪਰ ਬਾਅਦ ਵਿਚ ਭਾਈ ਹਰਮੋਹਨ ਸਿੰਘ ਜੀ ਦੀ ਚੰਗੀ ਖਿੱਚ-ਧੂਹ ਕੀਤੀ ਤੇ ਕਹਿਣ ਲੱਗੇ, ਵੀਰ ਜੀ, ਤੁਸੀਂ ਨਹੀਂ ਜਾਣਦੇ ਗੁਰੂ ਦੀ ਰਜ਼ਾ ਨੂੰ। ਤੁਸੀਂ ਕੌਣ ਹੋ ਇਹਨਾਂ

ਨੂੰ ਖਵਾਉਣ ਵਾਲੇ? ਹੋ ਸਕਦਾ ਏ ਕਿ ਤੁਹਾਨੂੰ ਇਹਨਾਂ ਦੀ ਕਿਸਮਤ ਦੇ ਸਦਕਾ ਹੀ ਸਭ ਕੁਝ ਮਿਲ ਰਿਹਾ ਹੈ। ਇਸ ਲਈ ਇਹੋ ਜਿਹਾ ਹੰਕਾਰੀ ਬੋਲ ਮੁੜ ਕੇ ਨਹੀਂ ਬੋਲਣਾ। ਉਸ ਦਿਨ ਤੋਂ ਬਾਅਦ ਭਾਈ ਹਰਮੋਹਨ ਸਿੰਘ ਜੀ ਨੇ ਤੋਬਾ ਕੀਤੀ ਅਤੇ ਫਿਰ ਕਦੀ ਵੀ ਬੱਚਿਆਂ ਜਾਂ ਸਿੰਘਣੀ ਨੂੰ ਗਰਮੀ ਵਿਚ ਆ ਕੇ ਕੁਝ ਨਹੀਂ ਕਿਹਾ। ਹੋਰ ਵੀ ਡਾਕਟਰ ਜੀ ਜਿਸ ਕਿਸੇ ਗ੍ਰਿਹਸਥੀ ਪਰਿਵਾਰ ਵਿਚ ਜਾਂਦੇ, ਉਸਨੂੰ ਪਿਆਰ ਮਿਠਾਸ ਵਾਲਾ ਜੀਵਨ ਜੀਣ ਦੀ ਪ੍ਰੇਰਨਾ ਕਰ ਕਰ ਕੇ ਉਨ੍ਹਾਂ ਦੇ ਗ੍ਰਿਹਸਥੀ ਜੀਵਨ ਸਵਰਗੀ ਹੋ ਨਿਬੇੜਦੇ।

ਸੂਰਾ ਅੰਮ੍ਰਿਤਸਰ, ਸਤੰਬਰ 1984

ਭਾਈ ਸੂਰਤ ਸਿੰਘ (ਪੂਰਨ ਜੀ) ਅਤੇ ਬੀਬੀ ਭੂਪਿੰਦਰ ਕੌਰ (ਭੂਪ ਜੀ) ਨਾਲ ਮਿਲਾਪ

ਜਦੋਂ ਡਾਕਟਰ ਸੁਰਿੰਦਰ ਸਿੰਘ ਜੀ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਪਾਸੋਂ ਵਿਦਾ ਹੋ ਕੇ ਵਾਪਸ ਬੰਬੇ ਫਾਇਰ ਸਟੋਨ ਕੰਪਨੀ ਵਿਖੇ ਆਪਣੀ ਡਿਊਟੀ ਤੇ ਪੁਜੇ ਤਾਂ ਉਨ੍ਹਾਂ ਦੇ ਅੰਦਰ ਅਲੌਕਿਕ ਵੇਦਨਾ ਉਠ ਚੁੱਕੀ ਸੀ। ਹਰ ਵਕਤ ਕਰਕ ਕਲੇਜੇ ਰਹਿਣ ਲੱਗੀ। ਐਸੀ ਖਿੱਚ ਪਈ ਜਾਵੇ ਕਿ ਪ੍ਰੇਮ ਰੰਗਾਂ ਵਿਚ ਹੀ ਲੀਨ ਰਹਿੰਦੇ। ਵੈਰਾਗ ਦੀ ਅਵਸਥਾ ਸੰਭਾਲੀ ਨਾ ਜਾਵੇ। ਮਾਇਆ ਦੀ ਖਿੱਚ ਹੀ ਮੁੱਕ ਗਈ ਅਤੇ ਮੁਖ ਤੋਂ ਇਹੀ ਬਚਨ ਨਿਕਲੀ ਜਾਣ, 'ਕੋਈ ਜਨ ਹਰਿ ਸਿਉ ਦੇਵੈ ਜੋਰਿ।।' ਕੁਝ ਦੇਰ ਇਸ ਤਰ੍ਹਾਂ ਹੀ ਵਿਚਰਦੇ ਰਹੇ। ਡਾਕਟਰ ਜੀ ਨੂੰ ਡਿਊਟੀ ਤੇ, ਗੱਡੀ ਤੇ ਹੀ ਜਾਣਾ ਆਉਣਾ ਪੈਂਦਾ ਸੀ। ਪੂਰਨ ਜੀ ਵੀ ਉਹਨਾਂ ਦਿਨਾਂ ਵਿਚ ਬੰਬੇ ਹੀ ਸਨ ਅਤੇ ਉਹ ਵੀ ਉਸੇ ਹੀ ਗੱਡੀ ਤੇ ਰੋਜ਼ਾਨਾ ਜਾਇਆ ਕਰਦੇ ਸਨ। ਰਸਤੇ ਵਿਚ ਜਦ ਵੀ ਪੂਰਨ ਜੀ ਦੀ ਦ੍ਰਿਸ਼ਟੀ ਡਾਕਟਰ ਜੀ ਤੇ ਪੈਂਦੀ ਤਾਂ ਸੁਤੇ ਹੀ ਉਹ ਅੰਦਰੋਂ ਅੰਦਰ ਕਹਿ ਉਠਦੇ ਕਿ ਇਹ ਸਿੰਘ ਕੋਈ ਗੁਰਮੁਖ ਰੂਹ ਹੈ। ਉਹਨਾਂ ਦਿਨਾਂ ਵਿਚ ਡਾਕਟਰ ਜੀ ਪੂਰੇ ਸੂਟਿਡ ਬੂਟਿਡ ਹੋਇਆ ਕਰਦੇ ਸਨ, ਪਰ ਹੀਰੇ ਦੀ ਪਾਰਸਮਈ ਚਮਕ ਤਾਂ ਉਵੇਂ ਹੀ ਰਹਿੰਦੀ ਹੈ ਭਾਵੇਂ ਜਿਵੇਂ ਮਰਜ਼ੀ ਹੋਵੇ।

ਇਕ ਦਿਨ ਪੂਰਨ ਜੀ ਗੱਡੀ ਵਿਚ ਬੈਠੇ ਸਨ ਤਾਂ ਡਾਕਟਰ ਜੀ ਵੀ ਇਹਨਾਂ ਦੇ ਕੋਲ ਹੀ ਬੈਠ ਗਏ ਅਤੇ ਬੜੀ ਹੀ ਧੀਮੀ ਆਵਾਜ਼ ਵਿਚ ਪੁਛਿਆ ਕਿ ਭਾਈ ਸਾਹਿਬ ਜੀ, ਤੁਸੀਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਨੂੰ ਜਾਣਦੇ ਹੋ? ਪੂਰਨ ਹੀ ਦਾ ਉਤਰ ਸੀ, ਜੀ, ਬਹੁਤ ਅੱਛੀ ਤਰ੍ਹਾਂ। ਤਦ ਤਾਂ ਤੁਸੀਂ ਬਾਊ ਮਲ ਸਿੰਘ ਨੂੰ ਵੀ ਜਾਣਦੇ ਹੋਵੋਗੇ? ਪੂਰਨ ਜੀ ਨੇ ਦੱਸਿਆ ਕਿ, ਮੈਂ ਬਾਊ ਮਲ ਸਿੰਘ ਜੀ ਨੂੰ ਵੀ ਚੰਗੀ ਤਰ੍ਹਾਂ ਜਾਣਦਾ ਹਾਂ। ਇਹ ਪਹਿਲੀ ਮੁਲਾਕਾਤ ਸੀ ਜਿਹੜੀ ਡਾਕਟਰ ਜੀ ਅਤੇ ਪੂਰਨ ਜੀ ਵਿਚ ਹੋਈ। ਇਸ ਤੋਂ ਬਾਅਦ ਪੂਰਨ ਜੀ ਦਾ ਡਾਕਟਰ ਜੀ ਨਾਲ ਬਹੁਤ ਪਿਆਰ ਜਾਗਿਆ। ਇਹਨਾਂ ਦੋਹਾਂ ਇਕੱਠੇ ਹੀ ਸਫਰ ਕਰਨਾ। ਬਚਨ ਭਾਵੇਂ ਘੱਟ ਹੀ ਕਰਨੇ, ਪਰ ਦਿਲੀ ਨੇੜਤਾ ਵਧਦੀ ਹੀ ਗਈ। ਇਸ ਨੇੜਤਾ ਬਾਰੇ ਪੂਰਨ ਜੀ ਨੇ ਭੂਪ ਜੀ ਨੂੰ ਵੀ ਦੱਸਦੇ ਰਿਹਾ ਕਰਨਾ।

ਇਕ ਦਿਨ ਪਤਾ ਨਹੀਂ ਭੂਪ ਜੀ ਦੇ ਮਨ ਵਿਚ ਕੀ ਫੁਰਨਾ ਉਗਮਿਆ, ਉਹਨਾਂ ਨੇ ਬੜੇ ਜ਼ੋਰਦਾਰ ਲਫਜ਼ਾਂ ਵਿਚ ਸਿਫਾਰਸ਼ ਕੀਤੀ ਕਿ ਤੁਸੀਂ ਉਸ ਸਿੰਘ ਨੂੰ ਘਰ ਵਿਖੇ ਲਿਆਉਣਾ। ਪੂਰਨ ਜੀ ਨੇ ਉਸ ਦਿਨ ਡਾਕਟਰ ਜੀ ਨੂੰ ਘਰ ਆਉਣ ਦੀ ਬੇਨਤੀ ਕੀਤੀ। ਐਡਰੈਸ ਨੋਟ ਕਰ ਕੇ, ਡਾਕਟਰ ਜੀ ਨੇ ਘਰ ਪੁੱਜਣ ਦੀ ਪ੍ਰਵਾਨਗੀ ਦੇ ਦਿੱਤੀ। ਦਿੱਤੇ ਸਮੇਂ ਤੇ ਡਾਕਟਰ ਜੀ ਘਰ ਪੁੱਜ ਗਏ ਅਤੇ ਚੁਪ ਚਾਪ ਸੋਫੇ ਤੇ ਬੈਠ ਗਏ। ਬਹੁਤ ਘੱਟ ਹੀ ਬਚਨ ਕੀਤੇ। ਕੁਝ ਛਕਣ ਛਕਾਣ ਤੋਂ ਬਾਅਦ ਚਲੇ ਗਏ। ਪਿਛੋਂ ਭੂਪ ਜੀ ਕਹਿਣ ਲੱਗੇ ਕਿ ਇਹ ਸਿੰਘ ਕਿੰਨਾ ਅਪ-ਟੂ-ਡੇਟ ਹੈ। ਭੂਪ ਜੀ ਦੱਸਦੇ ਹਨ ਕਿ ਉਹਨਾਂ ਦਿਨਾਂ ਵਿਚ ਮੇਰੀ ਉਮਰ ਸਿਰਫ 20 ਕੁ ਸਾਲ ਸੀ। ਬਚਪਨ-ਪੁਣਾ ਹੋਣ ਕਰਕੇ ਗੁਰਮਤਿ ਦੀ ਗੂੜ੍ਹ ਸੋਝੀ ਨਹੀਂ ਸੀ। ਇਹ ਗਲ 1956 ਦੇ ਲਗਭਗ ਦੀ ਹੋਣੀ ਹੈ। ਇਸ ਤੋਂ ਪਿਛੋਂ 1959 ਤੱਕ ਡਾਕਟਰ ਜੀ ਕਈ ਵੇਰ ਪੂਰਨ ਜੀ ਦੇ ਗ੍ਰਿਹ ਵਿਖੇ ਆਉਂਦੇ ਜਾਂਦੇ ਰਹੇ।

ਜਦੋਂ ਡਾਕਟਰ ਜੀ ਨੇ ਘਰ ਆਉਣਾ ਤਾਂ ਭੂਪ ਜੀ ਨੂੰ ਕਹਿਣਾ, ਬੀਬੀ ਜੀ, ਕੋਈ ਸ਼ਬਦ ਸ੍ਰਵਣ ਕਰਾਉ। ਭੂਪ ਜੀ ਨੇ ਸ਼ਬਦ ਦਾ ਕੀਰਤਨ ਆਰੰਭ ਕਰਨਾ ਤਾਂ ਡਾਕਟਰ ਜੀ ਨੇ ਸ਼ਬਦ ਵਿਚ ਬਿਲਕੁਲ ਰਸ ਲੀਨ ਹੋ ਜਾਣਾ ਅਤੇ ਆਪਣਾ ਆਪ ਭੁਲ ਜਾਣਾ। ਪੂਰਨ ਜੀ ਦੇ ਮਿਲਾਪ ਤੋਂ ਬਾਅਦ ਡਾਕਟਰ ਜੀ ਹਫਤੇਵਾਰੀ ਅਖੰਡ ਕੀਰਤਨੀ ਸਮਾਗਮਾਂ ਵਿਚ ਵੀ ਪੁਜਣ ਲਗ ਪਏ। ਇਹਨਾਂ ਸਮਾਗਮਾਂ ਵਿਚ ਡਾਕਟਰ ਜੀ ਸਭ ਤੋਂ ਪਿਛੇ, ਜੋੜਿਆਂ ਦੇ ਕਰੀਬ ਜਿਹੇ ਸਜ ਜਾਇਆ ਕਰਦੇ ਸਨ। ਜਦੋਂ ਬੀਬੀ ਭੁਪਿੰਦਰ ਕੌਰ ਜੀ ਨੇ ਕੀਰਤਨ ਅਰੰਭਣਾ ਤਾਂ ਅਨੋਖੀ ਹੀ ਕਲਾ ਵਰਤਣੀ, ਇਹਨਾਂ ਨੇ ਬੇਹਬਲ ਹੋ ਜਾਣਾ। ਕਈ ਵੇਰਾਂ ਤਾਂ ਬੇਹਬਲਤਾ ਵਿਚ ਪਤਾ ਨਹੀਂ ਕੀ ਕ੍ਰਿਸ਼ਮਾ ਵਰਤਣਾ ਕਿ ਡਾਕਟਰ ਜੀ ਨੇ ਜੋੜਿਆਂ ਲਾਗੇ ਬੈਠਿਆਂ ਮਛਲੀ-ਵੱਤ ਸੰਗਤ ਦੇ ਉਪਰ ਦੀ ਉਡਾਰੀ ਮਾਰਨੀ ਅਤੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਜਾ ਡਿਗਣਾ। ਡੰਡਉਤ ਬੰਦਨਾ ਵਿਚ ਹੀ ਸਾਰਾ ਕੀਰਤਨ ਸ੍ਰਵਣ ਕਰਨਾ। ਬੰਬਈ ਵਿਖੇ ਇਸ ਤਰ੍ਹਾਂ ਦੇ ਰੰਗ ਰੰਗੀਜੇ ਕ੍ਰਿਸ਼ਮੇ ਵਾਪਰਦੇ ਰਹੇ। ਬੀਬੀ ਭੂਪਿੰਦਰ ਕੌਰ ਜੀ ਦੱਸਦੇ ਹਨ ਕਿ ਡਾਕਟਰ ਜੀ ਜਦੋਂ ਵੀ ਸਾਡੇ ਘਰ ਆ਼ਉਦੇ ਤਾਂ ਕਹਿੰਦੇ, ਬੀਬੀ ਜੀ, ਕੋਈ ਸ਼ਬਦ ਸ੍ਰਵਣ ਕਰਾਉ। ਸ਼ਬਦ ਦਾ ਕੀਰਤਨ ਸ੍ਰਵਣ ਕਰਨ ਤੋਂ ਬਾਅਦ ਅਲੌਕਿਕ ਰੰਗਾਂ ਵਿਚ ਵਿਦਾ ਹੋਣਾ। ਕਈ ਵੇਰਾਂ ਤਾਂ ਘਰ ਵਿਖੇ ਹੀ ਬੇਸੁਧ ਹੋ ਕੇ ਡਿਗ ਪੈਣਾ। ਬੀਬੀ ਜੀ ਪਹਿਲਾਂ ਪਹਿਲ ਤਾਂ ਬਹੁਤ ਘਬਰਾਏ, ਪਰ ਜਦੋਂ ਇਹ ਅਗੰਮੀ ਕਲਾ ਆਮ ਹੀ ਵਰਤਿਆ ਕਰੇ ਤਾਂ ਬੀਬੀ ਜੀ ਨੂੰ ਡਾਕਟਰ ਜੀ ਦੀ ਰੰਗ ਰਤੜੀ ਦਸ਼ਾ ਪਰਤੱਖ ਹੋ ਕੇ ਭਾਸਣ ਲਗ ਪਈ।

ਇਕ ਦਿਨ ਸ਼ਾਮ ਨੂੰ ਡਾਕਟਰ ਜੀ, ਬੀਬੀ ਭੂਪਿੰਦਰ ਕੌਰ ਜੀ ਪਾਸ ਘਰ ਆਏ ਅਤੇ ਪੁੱਛਣ ਲੱਗੇ, ''ਭਾਈ ਸਾਹਿਬ ਨਹੀਂ ਆਏ? ਕਦੋਂ ਆਉਣਾ ਹੈ ਉਹਨਾਂ ਨੇ?'' ਇਤਨੀ ਗੱਲ ਬਾਤ ਚਲ ਹੀ ਰਹੀ ਸੀ ਕਿ ਬੀਬੀ ਜੀ ਮੁਖੋਂ ਨਿਕਲ ਗਿਆ ਕਿ ਸਾਡੀ ਟ੍ਰਾਂਸਫਰ ਦਾ ਕੁਝ ਚੱਕਰ ਹੈ, ਸ਼ਾਇਦ ਸਾਡੀ ਬਦਲੀ ਕਾਂਡਲੇ ਹੋ ਗਈ ਹੈ। ਜਦੋਂ ਡਾਕਟਰ ਜੀ ਦੇ ਕੰਨੀਂ ਵਾਜ ਪਈ ਕਿ ਪੂਰਨ ਜੀ ਦੀ ਬਦਲੀ ਹੋ ਗਈ ਹੈ ਤਾਂ ਪਤਾ ਨਹੀਂ ਇਹਨਾਂ ਦੇ ਹਿਰਦੇ ਤੇ ਕੀ ਬੀਤੀ ਕਿ ਧੜੰਮ ਕਰਦੇ ਕਮਰੇ ਵਿਚ ਹੀ ਡਿਗ ਪਏ। ਬੀਬੀ ਜੀ ਘਬਰਾ ਗਏ। ਥੋੜੀ ਦੇਰ ਬਾਅਦ ਡਾਕਟਰ ਜੀ ਹੋਸ਼ ਵਿਚ ਆਏ ਅਤੇ ਪੁੱਛਣ ਲਗੇ, ਬੀਬੀ ਜੀ, ਤੁਸੀਂ ਕੀ ਕਹਿ ਰਹੇ ਸੀ? ਭੂਪਿੰਦਰ ਕੌਰ ਜੀ ਘਬਰਾਏ-ਘਬਰਾਏ ਕਹਿਣ ਲਗੇ, ''ਵੀਰ ਜੀ, ਮੈਂ ਤਾਂ ਕੁਝ ਨਹੀਂ ਕਿਹਾ।''

ਉਪਰੋਕਤ ਘਟਨਾ ਦੱਸਦੀ ਹੈ ਕਿ ਡਾਕਟਰ ਜੀ ਦਾ ਗੁਰਮੁਖਾਂ ਨਾਲ ਕਿੰਨਾ ਸੱਚਾ-ਸੁੱਚਾ ਪਿਆਰ ਸੀ। ਗੁਰਮੁਖ ਸੱਜਣਾਂ ਤੋਂ ਵਿਛੜਨਾ ਉਨ੍ਹਾਂ ਲਈ ਅਸਹਿ ਸੀ। ਬਿਰਹੋਂ ਚੋਟ ਮਰਨ ਵਾਲੀ ਕਲਾ ਵਰਤਾ ਦਿੰਦੇ ਸਨ। ਇਹਨਾਂ ਦਾ ਹਿਰਦਾ ਸੀਤਲ ਜਲ ਵੱਤ ਸਾਫ ਸੀ। ਕਿਸੇ ਕਿਸਮ ਦੇ ਦਿਖਾਵੇ ਦਾ ਲੇਪ-ਛੇਪ ਨਹੀਂ ਸੀ।

ਸੰਨ 1956-57 ਵਿਚ ਪੂਰਨ ਜੀ ਅਤੇ ਪਰਵਾਰ ਤਬਦੀਲ ਹੋ ਕੇ ਕਾਂਡਲੇ ਚਲੇ ਗਏ। ਇਸ ਗੁਰਮੁਖ ਪਰਵਾਰ ਨਾਲ ਜੋ ਗੁਰਮੁਖੀ ਸਾਂਝ ਪੈ ਚੁਕੀ ਸੀ, ਉਸ ਦੀ ਖਿਚ ਸਦਕਾ ਡਾਕਟਰ ਜੀ ਇਕੱਲਾ ਮਹਿਸੂਸ ਕਰਨ ਲਗੇ ਅਤੇ ਅੰਤ 20 ਅਕਤੂਬਰ 1958 ਨੂੰ ਆਪ ਜੀ ਕਾਂਡਲੇ ਉਨ੍ਹਾਂ ਦੇ ਮਗਰ ਚਲੇ ਗਏ। ਸਾਮਾਨ ਰਿਟਾਇਰਿੰਗ ਰੂਮ ਵਿਚ ਹੀ ਜਮ੍ਹਾਂ ਕਰਾ ਕੇ, ਡਾਕਟਰ ਜੀ, ਪੂਰਨ ਜੀ ਪਾਸ ਪੁੱਜੇ। ਡਾਕਟਰ ਜੀ ਦੇ ਪੁੱਜਣ ਤੋਂ 8-9 ਦਿਨ ਪਹਿਲਾਂ ਇਸ ਗੁਰਮੁਖ ਪਰਵਾਰ ਨੂੰ ਭੁਝੰਗੀ ਦੀ ਬਖਸ਼ਿਸ਼ ਹੋ ਚੁਕੀ ਸੀ ਅਤੇ ਬੀਬੀ ਜੀ ਸੇਹਤ ਕਰਕੇ ਨਿਰਬਲ ਸਨ। ਇਸ ਗੱਲ ਦਾ ਪਤਾ ਲਗਣ ਤੇ ਡਾਕਟਰ ਜੀ ਰਿਟਾਇਰਿੰਗ ਰੂਮ ਵਿਚ ਹੀ ਰੁਕੇ ਰਹੇ। ਸਵੇਰੇ ਸ਼ਾਮ ਪੂਰਨ ਜੀ ਦੇ ਘਰ ਜਾਣਾ ਅਤੇ ਸੁਖ ਸਾਂਦ ਦਾ ਪਤਾ ਲੈ ਕੇ ਵਾਪਸ ਚਲੇ ਜਾਣਾ।

ਇਕ ਦਿਨ ਡਾਕਟਰ ਜੀ ਪੂਰਨ ਜੀ ਨੂੰ ਕਹਿਣ ਲਗੇ, ''ਮੇਰੇ ਪਾਸ ਕੁਝ ਮਾਇਆ ਪਈ ਹੈ, ਇਸ ਨੂੰ ਕਿਤੇ ਖਰਚ-ਵਰਚ ਦਿਉ? ਪੂਰਨ ਜੀ ਕਹਿਣ ਲਗੇ, ''ਮਾਇਆ ਦੀ ਤਾਂ ਇਧਰ ਵੀ ਬਖਸ਼ਿਸ਼ ਹੀ ਹੈ। ਦੇਖਾਂਗੇ ਕੋਈ ਲੋੜਵੰਦ ਹੋਇਆ ਤਾਂ ਦੱਸ ਦਿਆਂਗੇ। ਡਾਕਟਰ ਜੀ ਨੇ ਲੋੜਵੰਦਾਂ ਦਾ ਸਭ ਤੋਂ ਸਹਿਲ ਤਰੀਕਾ ਇਹ ਲੱਭਾ ਕਿ ਸਵੇਰੇ ਸ਼ਾਮ ਆਪ

ਜੀ ਨੇ ਜਿੰਨੇ ਕੁ ਪੈਸੇ ਹੱਥ ਆਉਣੇ, ਰਿਟਾਇਰਿੰਗ ਰੂਮ ਚੋਂ ਬਾਹਰ ਸੁੱਟ ਦੇਣੇ, ਜਿਨ੍ਹਾਂ ਨੂੰ ਲੋੜਵੰਦ ਮੰਗਤਿਆਂ, ਗਰੀਬਾਂ ਆਦਿ ਨੇ ਚੁਕ ਕੇ ਆਪਣਾ ਪੇਟ ਪਾਲਣਾ। ਇਸ ਤਰ੍ਹਾਂ ਹੀ ਆਪ ਜੀ ਪਾਸ ਜੋ ਲੋੜ ਤੋਂ ਵੱਧ ਮਾਇਆ ਸੀ, ਲੇਖੇ ਲਾ ਦਿੱਤੀ।

ਮਾਇਆ ਦੀ ਲਪੇਟ ਚੋਂ ਸੁਰਖਰੂ ਹੋ, ਆਪ ਜੀ ਪੂਰਨ ਜੀ ਪਾਸ ਆ ਠਹਿਰੇ। ਹੁਣ ਤੱਕ ਬੀਬੀ ਭੂਪ ਜੀ ਵੀ ਤੁਰਨ ਫਿਰਨ ਲਗ ਪਏ ਸਨ। ਲੰਗਰ ਦੀ ਸੇਵਾ ਵੀ ਕਰਨ ਲਗ ਪਏ। ਡਾਕਟਰ ਜੀ ਨੇ ਲੰਗਰ ਵੀ ਇਹਨਾਂ ਪਾਸ ਹੀ ਛਕ ਲਿਆ ਕਰਨਾ ਅਤੇ ਭੂਪ ਜੀ ਨੇ ਸਵੇਰੇ ਸ਼ਾਮ ਕੀਰਤਨ ਵੀ ਸ੍ਰਵਣ ਕਰਾਦਿਆ ਕਰਨਾ। ਡਾਕਟਰ ਜੀ ਕੁਝ ਚਿਰ ਬੜੇ ਹੀ ਪਿਆਰ ਨਾਲ ਆਪਣੇ ਘਰ ਵਾਂਗ ਹੀ ਪੂਰਨ ਜੀ ਪਾਸ ਟਿਕੇ ਰਹੇ। ਕਈ ਵੇਰਾਂ ਕੋਈ ਛੋਟੀ ਮੋਟੀ ਸੇਵਾ ਹੋਵੇ ਤਾਂ ਕਰ ਦੇਣੀ। ਨਿਕਟਵਰਤੀ ਸਿੰਘ ਦੱਸਦੇ ਹਨ ਕਿ ਡਾਕਟਰ ਜੀ ਦਾ ਠਾਠ-ਬਾਠ ਸ਼ਹਿਜ਼ਾਦਿਆਂ ਵਰਗਾ ਹੀ ਸੀ। ਵਧੀਆ ਤੋਂ ਵਧੀਆ ਕਪੜੇ ਦੇ ਕਛਹਿਰੇ ਕਪੜੇ ਦੇ ਕਛਹਿਰੇ ਪਾਇਆ ਕਰਦੇ ਸਨ। ਗਰਮੀਆਂ ਦੇ ਹੋਰ ਕਛਹਿਰੇ ਹੋਇਆ ਕਰਦੇ ਸਨ ਅਤੇ ਸਰਦੀਆਂ ਵਿਚ ਵਧੀਆ ਗਰਮ ਕਪੜੇ ਦੇ।

ਮਾਇਕੀ ਸ਼ੋ-ਸ਼ਾਅ ਵਾਲੀ ਬਿਰਤੀ ਤੋਂ ਜਦੋਂ ਡਾਕਟਰ ਜੀ ਦਾ ਮਨ ਉਪਰਾਮ ਹੋਇਆ ਤਾਂ ਐਸੀ ਤਿਆਗ ਬਿਰਤੀ ਵਿਚ ਵਿਚਰੇ ਕਿ ਸਭ ਕੁਝ ਵਿਸਰ ਗਿਆ।

ਵਧੀਆ-ਵਧੀਆ ਕੀਮਤੀ ਕਪੜਿਆਂ ਦੇ ਕਛਹਿਰਿਆਂ ਦੀ ਥਾਂ ਹੁਣ ਕੋਰੇ ਲੱਠੇ ਦੇ ਸਿੱਧੇ ਸਾਦੇ ਕਛਹਿਰੇ ਹੋ ਗਏ। ਕਈ ਵੇਰਾਂ ਆਪ ਜੀ ਦਾ ਕਛਹਿਰਾ ਅਤੇ ਚੋਲਾ ਮਸਤਾਨਾ ਵੀ ਦੇਖਿਆ ਜਾਂਦਾ ਸੀ। ਸ਼ਹਿਜ਼ਾਦਿਆਂ ਵਾਲੀ ਪਹਿਲੀ ਸ਼ਹਿਨਸ਼ਾਹੀ ਨੂੰ ਦੇਖਣ ਪਿਛੋਂ ਜਦੋਂ ਡਾਕਟਰ ਜੀ ਦੇ ਬਿਰਧ ਕਛਹਿਰਿਆਂ ਅਤੇ ਗੰਢੇ ਤੁਪੇ ਚੋਲਿਆਂ ਵੱਲ ਧਿਆਨ ਜਾਂਦਾ ਹੈ ਕਿ ਕਿਵੇਂ ਸਭ ਕੁਝ ਹੁੰਦਿਆਂ ਹੋਇਆਂ ਆਪਣੇ ਆਪ ਨੂੰ ਚੀਥੜਿਆਂ ਵਿਚ ਲੁਕਾਈ ਫਿਰਨਾ ਹੈ। ਡਾਕਟਰ ਜੀ ਨੂੰ ਕਿਸੇ ਗੱਲ ਦੀ ਕਮੀ ਨਹੀਂ ਸੀ। ਡਾਕਟਰ ਜੀ ਕਾਂਡਲੇ ਤੋਂ ਹੀ ਪੂਰਨ ਜੀ, ਭੂਪ ਜੀ ਨਾਲ ਪੋਹ ਸੁਦੀ ਸਪਤਮੀ ਦੇ ਸਮਾਗਮ ਤੇ ਲੁਧਿਆਣੇ ਪੁੱਜੇ। ਇਥੇ ਆਪ ਜੀ ਨੇ ਜਥੇ ਦੇ ਅੰਮ੍ਰਿਤ ਸਮਾਗਮ ਵਿਚ ਪੇਸ਼ ਹੋ ਕੇ ਨਾਮ ਦ੍ਰਿੜ੍ਹ ਕਰਵਾਇਆ। ਇਸ ਤੋਂ ਬਾਅਦ ਆਪ ਜੀ ਦੀਆਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਲ ਪ੍ਰੇਮ ਦੀਆਂ ਗੰਢਾਂ ਹੋਰ ਵੀ ਪੀਡੀਆਂ ਪੈ ਗਈਆਂ।

ਕਾਂਡਲੇ ਤੋਂ ਲੁਧਿਆਣੇ ਤੱਕ ਗੱਡੀ ਵਿਚ ਡਾਕਟਰ ਜੀ ਡਾਢੀ ਹੀ ਰੰਗ ਰਤੜੀ ਬ੍ਰਿਤੀ ਵਿਚ ਸਜੇ ਰਹੇ। ਭੂਪ ਜੀ ਦੱਸਦੇ ਹਨ ਕਿ ਉਹ ਡਾਕਟਰ ਜੀ ਪਾਸ ਹੀ ਬੈਠੇ ਸਨ ਕਿ ਭੁਝੰਗੀ ਨੇ ਪਿਸ਼ਾਬ ਕਰ ਕੇ ਕੰਬਲ ਗਿੱਲਾ ਕਰ ਦਿੱਤਾ ਤਾਂ ਡਾਕਟਰ ਜੀ ਨੇ ਆਪਣਾ ਨਵਾਂ ਕੰਬਲ ਬੈਗ ਵਿਚੋਂ ਕੱਢ ਕੇ ਭੁਝੰਗੀ ਦੇ ਥੱਲੇ ਵਿਛਾ ਦਿੱਤਾ। ਬਥੇਰਾ ਮਨ੍ਹਾ ਕੀਤਾ, ਪਰ ਡਾਕਟਰ ਜੀ ਨੇ ਭੋਰਾ ਵੀ ਸੰਕੋਚ ਨਾ ਕੀਤਾ। ਲੁਧਿਆਣੇ ਆ ਕੇ ਭੂਪ ਜੀ ਨੇ ਚਾਹਿਆ ਕਿ ਕੰਬਲ ਵਾਪਸ ਕਰ ਦਿੱਤਾ ਜਾਵੇ ਤਾਂ ਡਾਕਟਰ ਜੀ ਨੇ ਇਹ ਕਹਿ ਕੇ ਟਾਲ ਦਿੱਤਾ ਕਿ ਇਸ ਭੁਝੰਗੀ ਲਈ ਤਾਂ ਇਹ ਭੇਟਾ ਬਹੁਤ ਛੋਟੀ ਹੈ। ਉਹਨਾਂ ਦੀ ਕਥਨੀ ਤੋਂ ਇੰਜ ਜਾਪਦਾ ਸੀ ਜਿਵੇਂ ਡਾਕਟਰ ਜੀ ਨੂੰ ਗਿਆਨ ਹੋਵੇ ਕਿ ਇਹ ਭੁਝੰਗੀ ਆਪਣੀ ਛੋਟੀ ਜਿਹੀ ਆਯੂ ਵਿਚ ਹੀ ਇਕ ਉਘਾ ਕੀਰਤਨੀਆ ਸਿਧ ਹੋਵੇਗਾ ਅਤੇ ਪੰਥਕ ਸੇਵਾ ਵਿਚ ਹੀ ਸਰੀਰ ਤਿਆਗ ਦੇਵੇਗਾ। ਉਹ ਕੰਬਲ ਅਜੇ ਤੱਕ ਭੂਪ ਜੀ ਪਾਸ, ਡਾਕਟਰ ਜੀ ਦੀ ਯਾਦ ਤਾਜ਼ਾ ਕਰਾ ਰਿਹਾ ਹੈ। ਇਥੇ ਲੁਧਿਆਣੇ ਪੇਸ਼ ਹੋਣ ਪਿਛੋਂ ਡਾਕਟਰ ਜੀ ਦਿੱਲੀ ਆਪਣੀ ਭੈਣ ਜੀ ਪਾਸ ਚਲੇ ਗਏ। ਕੁਝ ਦੇਰ ਉਥੇ ਰੁਕੇ ਅਤੇ ਫਿਰ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਪਾਸ ਹੀ ਆ ਗਏ।

ਪੂਰਬ ਜਨਮ ਕੇ ਮਿਲੇ ਸੰਜੋਗੀ

- ਭਜਨੀਤ ਸਿੰਘ

ਜਥੇ ਦੇ ਉਘੇ ਪੁਰਾਤਨ ਸਿੰਘਾਂ ਵਿਚੋਂ ਭਾਈ ਅਵਤਾਰ ਸਿੰਘ ਜੀ (ਕੁਰਾਲਾ) ਡਾਕਟਰ ਸਾਹਿਬ, ਸੁਰਿੰਦਰ ਸਿੰਘ ਜੀ ਦੇ ਪੂਰਬਲੇ ਜਨਮਾਂ ਦੇ ਸੰਜੋਗੀ ਸਨ। ਇਕੇਰਾਂ ਡਾਕਟਰ ਸਾਹਿਬ ਨੂੰ ਭਾਈ ਅਵਤਾਰ ਸਿੰਘ ਜੀ ਦੇ ਲੁਧਿਆਣੇ ਪੁਜਣ ਦੇ ਸੋਇ ਪੁਜੀ ਤਾਂ ਆਪ ਜੀ ਨੇ ਬੜੇ ਪ੍ਰੇਮ-ਰੰਗਾਂ ਨਾਮ-ਤਰੰਗਾਂ ਵਿਚ ਆ ਕੇ ਭਾਈ ਸਾਹਿਬ ਜੀ ਲਈ ਪਰਸ਼ਾਦਾ ਤਿਆਰ ਕੀਤਾ ਅਤੇ ਆ ਕੇ ਛਕਣ ਵਾਸਤੇ ਬੇਨਤੀ ਕੀਤੀ। ਪਰ ਭਾਈ ਅਵਤਾਰ ਸਿੰਘ ਜੀ ਨੂੰ ਇਸ ਬਾਰੇ ਚੇਤਾ ਵਿਸਰ ਗਿਆ। ਕੁਝ ਘੰਟਿਆਂ ਬਾਅਦ ਜਦ ਭਾਈ ਸਾਹਿਬ ਜੀ ਨੂੰ ਯਾਦ ਆਇਆ ਤਾਂ ਉਹ ਛੇਤੀ ਵਲ ਨੂੰ ਡਾਕਟਰ ਸਾਹਿਬ ਪਾਸ ਗਏ। ਅਤੇ ਦੇਖਿਆ ਕਿ ਡਾਕਟਰ ਸਾਹਿਬ ਪ੍ਰੇਮ-ਕਸਾਈਆਂ ਸੁਰਤਿ-ਮਗਨਾਈਆਂ ਵਿਚ ਸਮਾਧ-ਸਥਿਤ ਹੋਏ ਸਜੇ ਹਨ ਤੇ ਉਨ੍ਹਾਂ ਵਲੋਂ ਤਿਆਰ ਕੀਤਾ ਪਰਸ਼ਾਦਾ ਇਕ ਪੌਣੇ ਨਾਲ ਢਕਿਆ ਪਿਆ ਹੈ।

ਇਹ ਦੇਖ ਭਾਈ ਸਾਹਿਬ ਜੀ ਵੈਰਾਗ ਵਿਚ ਆ ਗਏ ਅਤੇ ਅਖੜੀਆਂ ਨੀਰੋ ਨੀਰ ਵਹਿ ਤੁਰੀਆਂ। ਡਾਕਟਰ ਸਾਹਿਬ ਜੀ ਨੇ ਭਾਈ ਸਾਹਿਬ ਜੀ ਨੂੰ ਪਰਸ਼ਾਦਾ ਛਕਾਇਆ ਤੇ ਉਪਰੰਤ ਪ੍ਰੇਮ ਪਿਆਰ 'ਚ ਰੰਗੀ ਹੋਈ ਆਪਸੀ ਸਾਂਝ ਪਈ। 'ਗੁਰਸਿਖਾ ਇਕੋ ਪਿਆਰੁ' ਵਾਲਾ ਦ੍ਰਿਸ਼ ਸਾਂਗੋ ਪਾਂਗ ਬੱਝ ਗਿਆ।

ਜਦੋਂ ਭਾਈ ਸਾਹਿਬ ਜੀ ਆਪਣੇ ਟਿਕਾਣੇ ਵਲ ਨੂੰ ਰਵਾਨਾ ਹੋਣ ਲਗੇ ਤਾਂ ਡਾਕਟਰ ਸਾਹਿਬ ਦੇ ਮੁੱਖੋ ਸਹਿਜ-ਸੁਭਾਏ ''ਸਰਸਾ ਦੇ ਵਿਛੜੇ ਹੁਣ ਮਿਲੇ ਹਾਂ'' ਦਾ ਬਚਨ ਹੋਇਆ। ਇਸ ਤੋਂ ਭਾਵ ਸੀ ਕਿ ਏਹ ਦੋਵੇਂ ਗੁਰਮੁਖ ਪਿਆਰੜੀਆਂ ਰੂਹੜੀਆਂ ਸ੍ਰੀ ਅਨੰਦਪੁਰ ਸਾਹਿਬ ਦੀ ਜੰਗ ਵੇਲੇ ਕਲਗੀਧਰ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਨਾਲ ਸਨ। ਇਹ ਬਚਨਾਂ ਦੀ ਦੇਰ ਹੀ ਸੀ ਕਿ ਨਾਮ ਦਾ ਖੰਡਾ ਚਲ ਪਿਆ ਅਤੇ ਨਾਲ ਲਗਦੇ ਹੀ :

ਜੋ ਦੀਸੈ ਗੁਰਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ।।

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ - ਅੰਗ ੭੬੨)

ਦੇ ਗੁਰਵਾਕ ਅਨੁਸਾਰ ਇਕ ਦੂਜੇ ਦੇ ਚਰਨੀ ਮਸਤਕ ਛੁਹਾਣ ਦਾ ਜਤਨ ਹੋਇਆ ਪਰ ਇਸਦੀ ਥਾਂ ਪ੍ਰੇਮ-ਗਲਵਕੜੀਆਂ ਪੈ ਗਈਆਂ ਅਤੇ ਇਸ ਪ੍ਰਕਾਰ ਇਹ ਮਿਲਣੀ ਅਦੁੱਤੀ ਹੋ ਨਿਬੜੀ।

(ਇਸ ਗੱਲ ਦੀ ਤਸਦੀਕ ਭਾਈ ਹਰਭਜਨ ਸਿੰਘ ਜੀ ਸ੍ਰੀ ਅਨੰਦਪੁਰ ਸਾਹਿਬ ਅਤੇ ਡਾ. ਸੁਰਜੀਤ ਸਿੰਘ ਜੀ ਸਰਸਪੁਰ ਵਾਲਿਆਂ ਨੇ ਕੀਤੀ ਹੈ।)

ਵੀਰ - ਡਾ: ਸੁਰਿੰਦਰ ਸਿੰਘ ਜੀ

- ਪ੍ਰਿੰਸੀਪਲ ਗੁਰਮੁਖ ਸਿੰਘ ਜੀ

ਡਾਕਟਰ ਸੁਰਿੰਦਰ ਸਿੰਘ ਜੀ, ਜਿਨ੍ਹਾਂ ਨੂੰ ਅਖੰਡ ਕੀਰਤਨੀ ਜੱਥੇ ਦੇ ਸਿੰਘ ਆਮ ਤੌਰ ਤੇ ''ਵੀਰ ਜੀ'' ਕਰਕੇ ਸਦਦੇ ਸਨ, ਜੱਥੇ ਦੇ ਉਘੇ ਪੁਰਾਤਨ ਸਿੰਘ, ਸੁਬੇਦਾਰ ਮੇਜਰ ਭਾਈ ਹਰਿਬਚਨ ਸਿੰਘ ਜੀ ਦੇ ਸਪੁੱਤਰ ਸਨ। ਪਿਤਾ ਜੀ ਦੇ ਅਕਾਲ ਚਲਾਣੇ ਸਮੇਂ ਆਪ ਛੋਟੀ ਉਮਰ ਦੇ ਸਨ। ਚਾਚਾ ਜੀ ਸ: ਹਰਿਮੋਹਨ ਸਿੰਘ ਜੀ ਨੇ ਆਪ ਦਾ ਪਾਲਨ ਪੋਸ਼ਨ ਕੀਤਾ। ਪੜ੍ਹ ਲਿਖ ਕੇ, ਸੀਨੀਅਰ ਕੈਂਬਰਿਜ ਲਖਨਊ ਤੋਂ ਪਾਸ ਕਰ ਕੇ ਕੁਝ ਚਿਰ ਆਪ ਨੇ ਫਾਇਰਸਟੋਨ ਟਾਇਰ ਕੰਪਨੀ ਬੰਬਈ ਵਿਖੇ ਨੌਕਰੀ ਕੀਤੀ। ਕਰਨਲ ਪਿਆਰਾ ਸਿੰਘ (ਜੈਪੁਰ) ਦੀ ਵੱਡੀ ਲੜਕੀ ਵੀਰ ਜੀ ਦੇ ਚਾਚੀ ਸਤਵੰਤ ਕੌਰ ਜੀ ਸਨ। ਇਹ ਪਤਾ ਨਹੀਂ ਕਦੋਂ ਇਹਨਾਂ ਦੇ ਜੀਵਨ ਵਿਚ ਪਲਟਾ ਆਇਆ ਕਿ ਦੁਨੀਆਂ ਦੇ ਸਾਰੇ ਸੁਖ ਆਰਾਮ ਛੱਡ ਕੇ ਜੱਥੇ ਨਾਲ ਪਿਤਾ ਜੀ ਵਾਂਗ ਸੰਬੰਧ ਜੋੜ ਲਿਆ ਅਤੇ ਅੰਮ੍ਰਿਤ ਦਾ ਛਾਂਦਾ ਛੱਕ ਕੇ ਤਿਆਰ-ਬਰ-ਤਿਆਰ ਸਿੰਘ ਸੱਜ ਗਏ। ਫਿਰ ਰੱਜ ਕੇ ਨਾਮ ਬਾਣੀ ਦੀ ਕਮਾਈ ਕੀਤੀ, ਨੌਕਰੀ ਛੱਡ ਦਿਤੀ, ਜੋ ਕੁਝ ਸੰਪਤੀ ਪਾਸ ਸੀ, ਉਸੇ ਵਿੱਚੋਂ ਨਿਰਬਾਹ ਕਰਦੇ ਰਹੇ। ਆਨੰਦ ਕਾਰਜ ਕਰਾਉਣ ਦਾ ਫੁਰਨਾ ਹੀ ਨਹੀਂ ਉਪਜਿਆ। ਹੋਮਿਓਪੈਥੀ ਅਤੇ ਜੇ ਐਂਡ ਜੇ ਡੀਸ਼ੇਨ ਦੀਆਂ ਦਵਾਈਆਂ ਅਤੇ ਬਾਇਓਕੈਮਿਕ ਦੇ ਬਾਰੇ ਆਪ ਜੀ ਨੂੰ ਚੰਗੀ ਜਾਣਕਾਰੀ ਸੀ। ਪਰਉਪਕਾਰ ਲਈ ਸਿੰਘਾਂ ਨੂੰ ਮੁਫਤ ਦਵਾਈ ਦੇਣਾ ਆਪਦਾ ਸ਼ੈਵਾ ਸੀ। ਹੋਮਿਓਪੈਥਿਕ, ਬਾਇਓਕੈਮਿਕ ਅਤੇ ਡੀਸ਼ੈਨ ਦਵਾਈਆਂ ਹਮੇਸ਼ਾਂ ਆਪ ਦੇ ਝੋਲੇ ਵਿਚ ਰਹਿੰਦੀਆਂ ਸਨ। ਕੀਰਤਨ ਸਮਾਗਮਾਂ ਤੇ ਤਾਂ ਆਪ ਜੀ ਦੇ ਦੁਆਲੇ ਸਿੰਘਾਂ ਦਾ ਝੁਰਮਟ ਲਗਾ ਰਹਿੰਦਾ ਸੀ। ਦਵਾਈਆਂ ਭੀ ਵੰਡਦੇ, ਨਾਲੇ ਸਿੰਘਾਂ ਨਾਲ ਗੁਰਮਤਿ ਦੀਆਂ ਵਿਚਾਰਾਂ ਸਾਂਝੀਆਂ ਕਰਦੇ।

ਜਥੇਦਾਰ ਬਾਊ ਮਲ ਸਿੰਘ ਜੀ ਉਹਨਾਂ ਬਾਰੇ ਕਈ ਵਾਰ ਕਹਿੰਦੇ ਸੁਣੇ, ''ਭਾਈ ਸੁਰਿੰਦਰ ਸਿੰਘ ਸੌ ਸੰਤਾਂ ਦਾ ਸੰਤ ਹੈ।'' ਉਹਨਾਂ ਦੀ ਉੱਚ ਆਤਮਕ ਅਡੋਲਤਾ ਨੂੰ ਜਿਸ ਨੇ ਭੀ ਨੇੜਿਓ ਵੇਖਿਆ, ਉਹਨਾਂ ਤੋਂ ਪ੍ਰਭਾਵਿਤ ਹੋਏ ਬਿਨਾਂ ਰਹਿ ਨਹੀਂ ਸਕਿਆ।

ਅਪ੍ਰੈਲ 1962 ਦੇ ਅੰਤ ਵਿਚ ਦਾਸ ਨੇ ਜਦੋਂ ਧੂਰੀ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਅਤੇ ਕੀਰਤਨ ਰੈਣਸਬਾਈ ਦਾ ਸਮਾਗਮ ਰਖਿਆ ਤਾਂ ਵੀਰ ਸੁਰਿੰਦਰ ਸਿੰਘ ਸਾਡੇ ਗ੍ਰਹਿ

ਵਿਖੇ ਇੱਕ ਹਫਤਾ ਪਹਿਲਾਂ ਸਾਡੀ ਬੇਨਤੀ ਤੇ ਆਏ। ਸਾਨੂੰ ਪਵਿਤਰ ਸਮਾਗਮ ਦੌਰਾਨ ਸਿੰਘਾਂ ਦੀ ਸੇਵਾ ਕਰਨ ਦੀ ਜਾਚ ਸਿਖਾਈ। ਸ੍ਰੀ ਅਖੰਡ ਪਾਠ ਸਾਹਿਬ ਦੀ ਦੇਗ ਲਈ ਚੱਕੀ ਉਤੇ ਸਾਡੇ ਨਾਲ ਰੱਲਕੇ ਕੁਝ ਮੋਟਾ-ਮੋਟਾ ਆਟਾ ਪੀਸਿਆ ਫਿਰ ਦਲੀਏ ਲਈ ਭੀ ਅਸਾਂ ਰੱਲ ਕੇ ਚੱਕੀ ਪੀਸੀ। ਪਾਠੀ ਸਿੰਘਾਂ ਦੀ ਕਿੰਜ ਸੇਵਾ ਕਰੀਦੀ ਹੈ, ਇਸ ਦਾ ਪੂਰਾ ਪ੍ਰਬੰਧ ਆਪ ਨੇ ਕੀਤਾ। ਕਹਿੰਦੇ ਸੀ ਜੇ ਸ੍ਰੀ ਅਖੰਡ ਪਾਠ ਕਰਨਾ ਹੋਵੇ ਤਾਂ ਪੰਜੇ ਪਾਠੀ ਸਿੰਘ ਕਾਰ ਵਿਹਾਰਾਂ ਤੋਂ ਛੁਟੀ ਲੈ ਕੇ ਪਾਠ ਕਰਨ। ਇੰਜ ਉਹ ਹਰ ਵਕਤ ਗੁਰਬਾਣੀ ਦੇ ਚਲ ਰਹੇ ਪ੍ਰਵਾਹ ਦੇ ਮਾਹੌਲ ਵਿੱਚ ਰਹਿਣ ਨਾਲ ਉਹਨਾਂ ਦੀ ਸੁਰਤੀ ਬਿਰਤੀ ਬਾਣੀ ਵਿਚ ਰਸ ਭਿੰਨੀ ਬਣੀ ਰਹੇਗੀ। ਹੁਣ ਇੰਜ ਲਗਦਾ ਹੈ ਜਿਵੇਂ ਅਸੀਂ ਅੱਜ ਦੇ ਪਾਠ ਕਰਨ ਵਾਲੇ ਪ੍ਰੇਮੀ ਸ੍ਰੀ ਅਖੰਡ ਪਾਠ ਸਾਹਿਬ ਵਰਗੇ ਪਵਿੱਤਰ ਸਮਾਗਮ ਦੀ ਮਹੱਤਤਾ ਨੂੰ ਨਹੀਂ ਸਮਝ ਰਹੇ। ਕਾਰ ਵਿਹਾਰਾਂ ਵਿਚੋਂ ਜੋ ਸਮਾਂ ਬਚਦਾ ਹੈ, ਇੱਕ ਘੰਟੇ ਦੀ ਜਾਂ ਦੋ ਘੰਟਿਆਂ ਦੀ ਆਪਣੀ ਰੌਲ ਦੇ ਕੇ ਬਾਕੀ ਦਾ ਸਾਰਾ ਸਮਾਂ ਸੰਸਾਰਕ ਕਾਰ ਵਿਹਾਰਾਂ ਵਿਚ ਬਿਤਾਉਂਦੇ ਹਾਂ। ਇਹੋ ਕਾਰਨ ਹੈ ਕਿ ਸ੍ਰੀ ਅਖੰਡ ਪਾਠ ਸਾਹਿਬ ਕਰਨ ਤੋਂ ਮਗਰੋਂ ਭੀ ਸਾਡੀਆਂ ਸੁਰਤੀਆਂ ਬਿਰਤੀਆਂ ਵਿੱਚ ਕੋਈ ਖਾਸ ਫਰਕ ਨਹੀਂ ਆਉਂਦਾ। ਇਹ ਹਾਲ ਉਹਨਾਂ ਘਰਾਂ ਦਾ ਹੈ ਜਿਥੇ ਸਿੰਘ ਰੱਲ ਮਿਲ ਕੇ ਮੋਖ ਰਹਿਤ ਪਾਠ ਕਰਦੇ ਹਨ।

ਮੈਨੂੰ ਯਾਦ ਹੈ ਅਸੀਂ ਵੀਰ ਸੁਰਿੰਦਰ ਸਿੰਘ ਜੀ ਦੀ ਅਗੇਤਰੀ ਹਿਦਾਇਤ ਉਤੇ ਪੰਜੇ ਪਾਠੀਆਂ ਦੀ ਸ੍ਰੀ ਅਖੰਡ ਪਾਠ ਦੇ ਦਿਨਾਂ ਵਿਚ ਸਾਡੇ ਗ੍ਰਹਿ ਠਹਿਰਨ ਦੀ ਪਰਵਾਨਗੀ ਲੈ ਲਈ। ਚੰਗੇ ਭਾਗਾਂ ਨੂੰ ਪਾਠੀ ਭੀ ਉਹ ਸਨ ਜੋ ਉਸ ਸਮੇਂ ਦੇ ਚੜ੍ਹਦੀਆਂ ਕਲਾ ਵਾਲੇ ਸਿੰਘ ਸਨ। ਸੰਤ ਜਵਾਲਾ ਸਿੰਘ ਜੀ, ਗਿਆਨੀ ਦਲੀਪ ਸਿੰਘ ਜੀ, ਮਾਸਟਰ ਜੁਗਿੰਦਰ ਸਿੰਘ ਜੀ, ਭਾਈ ਅਮਰੀਕ ਸਿੰਘ ਜੀ ਅਤੇ ਕੈਪਟਨ ਸ਼ੇਰ ਸਿੰਘ ਜੀ।

ਸੱਚ-ਮੁੱਚ ਉਸ ਪਾਠ ਦੇ ਸੁਣਨ ਦਾ ਅਤੇ ਸੇਵਾ ਕਰਨ ਦਾ ਅਨੋਖਾ ਰਸ ਬੱਝਾ। ਅਸੀਂ ਸਦਾ ਇਹੋ ਜਤਨ ਕਰੀਏ ਕਿ 48 ਘੰਟਿਆਂ ਦੇ ਸ੍ਰੀ ਅਖੰਡ ਪਾਠ ਲਈ ਪੰਜੇ ਪਾਠੀ ਜਿਥੇ ਮੋਖ ਰਹਿਤ ਪਾਠ ਕਰਨ, ਉਥੇ ਇਹ ਉਸੇ ਅਸਥਾਨ ਤੇ ਹੀ ਰਹਿ ਕੇ ਪਾਠ ਦੀ ਸੇਵਾ ਕਰਨ ਜਿਥੇ ਬਚਨ ਬਿਲਾਸ ਘੱਟ ਤੋਂ ਘੱਟ ਕੀਤੇ ਜਾਣ। ਫਿਰ ਦੇਖੋ ਕਿਵੇਂ ਕਲਾ ਵਰਤਦੀ ਹੈ। ਦਰਅਸਲ ਹੁਣ ਤਾਂ ਅਸੀਂ ਆਪਣੀ ਸੁਰਤੀ ਬਿਰਤੀ ਨੂੰ ਪਾਠ ਨਾਲ ਜੋੜ ਕੇ ਨਹੀਂ ਰਖਦੇ। ਸਾਡੀ ਸੁਰਤਿ ਲੋਕਾਂ ਦੀ ਵਾਹ-ਵਾਹ ਵਿਚ ਰੁਲਦੀ-ਫਿਰਦੀ ਹੁੰਦੀ ਹੈ। ਪਾਠੀ ਵੀ ਹੁਣ ਤਾਂ ਭਾੜੇ ਉਤੇ ਮਿਲ ਜਾਂਦੇ ਹਨ ਜੋ ਥੱਕੇ ਟੁੱਟੇ ਮਸਾਂ ਹੀ ਆਪਣਾ ਸਮਾਂ ਪੂਰਾ ਕਰਦੇ ਹਨ। ਇਹਨਾਂ ਪਾਠੀ ਸਿੰਘਾਂ ਨੇ ਰਕਮਾਂ ਲੈ ਕੇ ਪਾਠ ਕਰਨ ਨੂੰ ਆਪਣਾ ਧੰਧਾ ਬਣਾਇਆ

ਹੁੰਦਾ ਹੈ। ਦਿਨ ਰਾਤ ਪਾਠ ਹੀ ਕਰਦੇ ਹਨ ਆਰਾਮ ਘੱਟ ਮਿਲਣ ਕਾਰਨ ਪਾਠ ਕਰਦੇ ਕਰਦੇ ਸੌਂ ਜਾਂਦੇ ਦੇਖੇ ਜਾਂਦੇ ਹਨ। ਜੇ ਘਰ ਦੇ ਸਾਵਧਾਨ ਨਾ ਹੋਣ ਤਾਂ ਪਾਠ ਕਰਦੇ ਸਮੇਂ ਕਈ ਪਾਠੀ ਪਤਰੇ ਉਲਧ ਲੈਂਦੇ ਹਨ। ਗੁਰਬਾਣੀ ਦੇ ਐਸੇ ਪਾਠ ਵਿੱਚੋਂ ਸੁਰਤ ਕਿਵੇਂ ਉੱਚੀ ਜਾ ਸਕਦੀ ਹੈ?

ਵੀਰ ਸੁਰਿੰਦਰ ਸਿੰਘ ਜੀ 1962 ਵਿਚ ਅਜੇ ਵਾਜੇ ਉਤੇ ਉਂਗਲਾਂ ਚਲਾ ਕੇ ਧੁਰ-ਅੰਦਰ ਦੀ ਬਖਸ਼ਸ਼ ਨਾਲ ਕੋਈ ਕੋਈ ਸ਼ਬਦ ਸੰਗਤ ਵਿਚ ਪੜ੍ਹਦੇ ਹੁੰਦੇ। ਕਿਸੇ ਪਾਸੋਂ ਰਾਗ ਵਿਦਿਆ ਨਹੀਂ ਸਿਖੀ। ਮੈਂ ਉਹਨਾਂ ਤੋਂ 1962 ਤੋਂ ਕੀਰਤਨ ਸੁਣਦਾ ਆਇਆ ਸਾਂ। ਉਹਨਾਂ ਦੀ ਰੂਹ ਦੇ ਵਿਗਾਸ ਨਾਲ ਕੀਰਤਨ ਵਿਚ ਭੀ ਇਕ ਅਦਭੁਤ ਵਿਗਾਸ ਆਇਆ। ਕੀਰਤਨ ਕਰਦੇ ਕਰਦੇ ਉਹ ਵਿਸਮਾਦ ਵਿਚ ਚਲੇ ਜਾਂਦੇ। ਆਮ ਤੌਰ ਤੇ ਜਦੋਂ ਕੀਰਤਨ ਸਮਾਗਮ ਦੇ ਸਜੇ ਦੀਵਾਨ ਵਿਚ ਆਉਂਦੇ ਸਨ ਤਾਂ ਗੁਰੂ ਮਹਾਰਾਜ ਨੂੰ ਨਮਸਕਾਰ ਕਰ ਕੇ ਸਭ ਤੋਂ ਪਿਛਲੀਆਂ ਕਤਾਰਾਂ ਵਿਚ ਬੈਠਦੇ। ਮੈਂ ਸਗੋਂ ਕਈ ਵਾਰੀ ਉਹਨਾਂ ਨੂੰ ''ਬੈਕ-ਬੈਂਚਰ'' ਕਹਿਕੇ ਟਿਚਰ ਭੀ ਕਰਨੀ, ਪਰ ਉਹਨਾਂ ਅਗੋਂ ਹੱਸ ਛਡਣਾ ਤੇ ਕਹਿਣਾ ਕੁਝ ਨਾ। ਉਹਨਾਂ ਦੀ ਅੰਦਰਲੀ ਰਮਜ਼, ਭਾਈ ਵੀਰ ਸਿੰਘ ਜੀ ਦੀ ਪ੍ਰਸਿੱਧ ਕਵਿਤਾ 'ਬਿਨਫਸ਼ੇ ਦਾ ਫੁਲ' ਦੀਆਂ ਇਹਨਾਂ ਲਾਈਨਾਂ ਵਿਚ ਲਭਦੀ ਹੈ :-

ਮੇਰੀ ਛਿਪੇ ਰਹਿਣ ਦੀ ਚਾਹ ਤੇ ਛਿਪ ਟੁਰ ਜਾਣ ਦੀ।
ਹਾਏ! ਪੂਰੀ ਹੁੰਦੀ ਨਾਂਹ, ਮੈਂ ਤਰਲੇ ਲੈ ਰਿਹਾ।

ਕੀਰਤਨ ਸਮਾਗਮਾਂ ਤੇ ਆਪ ਨੂੰ ਉਚੇਚੇ ਤੌਰ ਤੇ ਪਿਛਲੀਆਂ ਲਾਈਨਾਂ ਦੇ ਕਿਸੇ ਖੂੰਜੇ ਵਿਚੋਂ ਢੂੰਡ ਕੇ ਸਟੇਜ ਤੇ ਲਿਆਇਆ ਜਾਂਦਾ ਤੇ ਸ਼ਬਦ ਪੜ੍ਹਾਇਆ ਜਾਂਦਾ। ਸੱਚ ਜਾਣਨਾ, ਉਹ ਮੈਨੂੰ ਕਈ ਵਾਰੀ ਕਹਿੰਦੇ ਹੁੰਦੇ, ''ਮੈਂ ਕੀਰਤਨ ਸੁਣ ਕੇ ਜ਼ਿਆਦਾ ਪ੍ਰਸੰਨ ਹੁੰਦਾ ਹਾਂ।'' ਕੀਰਤਨ ਕਰਨ ਦਾ ਭੀ ਬੁਖਾਰ ਹੈ ਜੋ ਅੱਜ ਜੱਥੇ ਵਿਚ ਬਹੁਤ ਸਾਰੇ ਕੀਰਤਨੀਆਂ ਨੂੰ ਚੜ੍ਹਿਆ ਰਹਿੰਦਾ ਹੈ।

ਇਸ ਜੱਥੇ ਵਿਚ ਵੀਰ ਸੁਰਿੰਦਰ ਸਿੰਘ ਜੀ ਰੰਗਲੇ ਸਜਣ ਤਾਂ ਸਨ ਹੀ, ਉਹਨਾਂ ਨੇ ਕੀਰਤਨ ਸੰਬੰਧੀ ਆਦਰਸ਼ਕ ਕਦਰਾਂ ਉਤੇ ਆਪ ਭੀ ਪਹਿਰਾ ਦਿਤਾ ਅਤੇ ਉਹਨਾਂ ਦੇ ਸੰਪਰਕ ਵਿਚ ਆਏ ਉਸ ਸਮੇਂ ਦੇ ਨਾਮੀ ਕੀਰਤਨੀਆਂ ਨੂੰ ਭੀ ਇਸ ਸੰਬੰਧੀ ਸੇਧਾਂ ਦਿਤੀਆਂ। ਮਿਸਾਲ ਵਜੋਂ ਭਾਈ ਮਹਿੰਦਰ ਸਿੰਘ ਐਸ.ਡੀ.ਓ. (ਹਾਲ ਅਮਰੀਕਾ) ਨੂੰ ਕਈ ਵਾਰੀ ਮੇਰੀ ਮੌਜੂਦਗੀ ਵਿਚ ਸਮਝਾਉਂਦੇ ਹਨ, ''ਜੋ ਸ਼ਬਦ ਸ਼ੁਰੂ ਕੀਤਾ ਹੋਵੇ ਉਸਦਾ ਭੋਗ

ਪਾ ਕੇ ਦੂਜਾ ਸ਼ਬਦ ਆਰੰਭ ਕਰਨਾ ਚਾਹੀਦਾ ਹੈ।'' ਭਾਈ ਮਹਿੰਦਰ ਸਿੰਘ ਜੀ ਦਾ ਆਪਣਾ ਨਿਰਾਲਾ ਕੀਰਤਨ-ਸਟਾਈਲ ਸੀ। ਉਹਨਾਂ ਦਾ ਕੀਰਤਨ ''ਕੀਰਤਨੀ-ਲੈਕਚਰ'' ਜਿਹਾ ਹੁੰਦਾ ਸੀ। ਵਿਚੇ ਕਿਤੇ ਇਸ਼ਾਰੇ ਮਾਤਰ ਵਿਆਖਿਆ ਭੀ ਕਰਨ ਲਗ ਜਾਂਦੇ ਸਨ। ਉਹਨਾਂ ਦਾ ਕੀਰਤਨ ਬਹੁਤਾ ਤਾਂ ਲੋਕ-ਸਮਝਾਉਣ ਕਾਰਨੇ ਹੀ ਹੁੰਦਾ ਸੀ, ਜਿਸ ਨਾਲ ਉਹਨਾਂ ਆਪਣੀ ਵਿਦਵਤਾ ਦਾ ਪ੍ਰਭਾਵ ਪਾਉਣ ਦਾ ਮਨੋਰਥ ਭੀ ਪੂਰਾ ਹੋ ਜਾਂਦਾ ਸੀ। ਉਹ ਸਾਰੀ ਉਮਰ ਲੋਕਾਂ ਨੂੰ ਸਮਝਾਉਣ ਲਈ ਕੀਰਤਨ ਕਰਦੇ ਰਹੇ ਪਰ ਅਸਲ ਮਨੋਰਥ, ਸ਼ਬਦ ਨਾਲ ਸੁਰਤਿ ਨੂੰ ਜੋੜਨਾ ਤੋਂ ਵਾਂਝੇ ਹੀ ਰਹੇ।

ਵੀਰ ਸੁਰਿੰਦਰ ਸਿੰਘ ਜੀ ਤੀਖਣ ਬੁੱਧੀ ਦੇ ਤੁਫੈਲ ਭਾਈ ਮਹਿੰਦਰ ਸਿੰਘ ਜੀ ਦੀ ਅੰਦਰਲੀ ਰਮਜ਼ ਪਛਾਣਦੇ ਸਨ। ਉਹ ਇਹ ਕਹਿੰਦੇ ਸਨ, ''ਜੋ ਪ੍ਰੇਮੀ ਤੁਹਾਡੇ ਸ਼ਬਦ ਨਾਲ ਸੁਰਤ ਜੋੜ ਕੇ ਬੈਠਾ ਹੁੰਦਾ ਹੈ, ਜੇ ਤੁਸੀਂ ਉਸ ਸ਼ਬਦ ਨੂੰ ਅਧੱਵਾਟੇ ਛੱਡ ਕੇ ਹੋਰ ਦੇ ਹੋਰ ਪਾਸੇ ਨੂੰ ਤੁਰ ਪਉ ਤਾਂ ਉਹ ਪ੍ਰੇਮੀ ਉਡੀਕ ਵਿਚ ਤੁਹਾਡੇ ਮੂੰਹ ਵਲ ਵੇਖੀ ਜਾਂਦਾ ਹੈ ਕਿ ਕਦੋਂ ਭਾਈ ਸਾਹਿਬ ਅਰੰਭੇ ਸ਼ਬਦ ਦਾ ਭੋਗ ਪਾਉਣ। ਉਹ ਤਾਂ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਦੀ ਉਡੀਕ ਕਰਦਾ ਹੈ। ਇਤਨੇ ਵਿਚ ਤੁਹਾਡੇ ਪਾਏ ਖਲੇਰੇ ਨਾਲ ਤੁਹਾਡਾ ਟਾਈਮ ਖਤਮ ਹੋ ਜਾਣ ਤੇ ਕੋਈ ਸ਼ਬਦ ਭੀ ਪੂਰਨ ਰੂਪ ਵਿਚ ਗਾਇਨ ਨਹੀਂ ਹੋਇਆ ਹੁੰਦਾ। ਤਾਂ ਕੀ ਇਸ ਤਰ੍ਹਾਂ ਦੇ ਕੀਰਤਨ ਨਾਲ ਗੁਰਬਾਣੀ ਦੀ ਬੇਅਦਬੀ ਨਹੀਂ ਹੁੰਦੀ? ਸੰਗਤਾਂ ਨੂੰ ਤੁਸੀਂ ਵੰਨ-ਸੁਵੰਨੀਆਂ ਤਰਜ਼ਾਂ (ਕਵਾਲੀ) ਮਿਰਜ਼ਾ ਸਾਹਿਬਾਂ ਦੀ ਧੁੰਨੀ, ਨਗੋਜਿਆਂ ਵਾਲੀ ਬੀਨ ਆਦਿ ਸੁਣਾ ਕੇ ਉਹਨਾਂ ਦਾ ਕੰਨ-ਰਸ ਜ਼ਰੂਰ ਪੂਰਾ ਕਰਦੇ ਹੋ। ਪਰ ਨਾ ਤਾਂ ਆਪ ਆਤਮ-ਰਸ ਮਾਣਦੇ ਹੋ ਤੇ ਨਾ ਸੰਗਤਾਂ ਨੂੰ ਇਸ ਸਹਜ ਰਸ ਦਾ ਛਾਂਦਾ ਛਕਾਉਂਦੇ ਹੋ।''

ਭਾਈ ਮਹਿੰਦਰ ਸਿੰਘ ਹਰ ਵਾਰੀ ਸਿਰ ਨੀਵਾਂ ਕਰ ਕੇ ਸੁਣਦੇ ਰਹਿੰਦੇ, ਪਰ ਉਹਨਾਂ ਦੇ ਕਹੇ ਤੇ ਕਦੀ ਅਮਲ ਨਹੀਂ ਕੀਤਾ।

ਵੀਰ ਸੁਰਿੰਦਰ ਸਿੰਘ ਕਹਿੰਦੇ ਹੁੰਦੇ, ''ਕਈ ਕੀਰਤਨੀ ਸਿੰਘਾਂ ਨੂੰ ਕੀਰਤਨ ਕਰਨ ਦਾ ਬੁਖਾਰ ਜਿਹਾ ਚੜ੍ਹਿਆ ਹੁੰਦਾ ਹੈ। ਇਸ ਲਈ ਉਹ ਮਲੋ ਮੱਲੀ ਵਾਜੇ ਤੇ ਜਿਉਂ ਬੈਠਦੇ ਹਨ, ਹਟਾਇਆ ਭੀ ਨਹੀਂ ਹਟਦੇ। ਕਈ ਤਾਂ ਕੀਰਤਨ ਨੂੰ ਚੜ੍ਹਾਉਣ ਖਾਤਰ ਇਕ ਸਟਾਈਲ ਵਜੋਂ 'ਵਾਹਿਗੁਰੂ' ਦੀ ਧੁਨੀ ਲਾ ਦਿੰਦੇ ਹਨ ਅਤੇ ਕਿੰਨੀ-ਕਿੰਨੀ ਦੇਰ ਤੱਕ ਵਾਹਿਗੁਰੂ ਦੀ ਧੁੰਨੀ ਲਾਈ ਰਖਦੇ ਹਨ। ਸ਼ਬਦ ਦਾ ਕੀਰਤਨ ਕਰਨਾ ਹੋਰ ਚੀਜ਼ ਹੈ,

ਸੰਗਤੀ ਨਾਮ ਅਭਿਆਸ ਕਰਾਉਣਾ ਬਿਲਕੁਲ ਹੋਰ ਚੀਜ਼ ਹੈ। ਅਭਿਆਸ ਕਰਨ ਸਮੇਂ ਹੀ ਅਭਿਆਸ ਕਰਨਾ ਉਚਿਤ ਹੈ। ਜਿਸ ਜੱਥੇ ਦਾ ਨਾਮ ਹੀ ਅਖੰਡ ਕੀਰਤਨੀ ਜੱਥਾ ਹੈ, ਉਹ ਕੀਰਤਨ ਨੂੰ ਵਿਚੇ ਛੱਡ ਕੇ ਅਭਿਆਸ ਦੇ ਸਟਾਈਲ ਦੇ ਰਾਹ ਕਿਵੇਂ ਤੁਰ ਪਿਆ? ਇਹ ਵਿਚਾਰ ਕਰਨ ਵਾਲਾ ਵਿਸ਼ਾ ਹੈ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਸਮੇਂ ਇਹ ਰਿਵਾਜ਼ ਨਹੀਂ ਸੀ ਪਿਆ।

ਕੀ ਅਖੰਡ ਕੀਰਤਨੀ ਜੱਥੇ ਦੇ ਵੀਰ ਅਤੇ ਭੈਣਾਂ ਸ੍ਰੀ ਹਰਿਮੰਦਰ ਸਾਹਿਬ ਦੇ ਨਿਰੰਤਰ ਚਲ ਰਹੇ ਕੀਰਤਨ ਪ੍ਰਵਾਹ ਤੋਂ ਸੇਧ ਲੈਣਗੇ? ਜਿਥੇ ਕੀਰਤਨ ਦੇ ਲਗਾਤਾਰ ਪ੍ਰਵਾਹ ਵਿਚ 'ਵਾਹਿਗੁਰੂ' 'ਵਾਹਿਗੁਰੂ' ਦੀ ਧੁੰਨੀ ਨਾਂ-ਮਾਤਰ, ਕਿਤੇ ਨਹੀਂ ਸੁਣੀਂਦੀ ਹੈ। ਅੱਜ ਸਾਡੇ ਸਰੋਤਿਆਂ ਨੂੰ ਬਾਣੀ ਵਿਚ ਸੁਰਤ ਜੋੜਨ ਦੀ ਜਾਂਚ ਭੁਲ ਗਈ ਹੈ। ਕੀ 'ਵਾਹਿਗੁਰੂ' 'ਵਾਹਿਗੁਰੂ' ਕਰਨਾ ਮਾੜੀ ਗੱਲ ਹੈ? ਨਹੀਂ ਜੀ, ਸਗੋਂ ਉਹ ਰਸਨਾ ਧੰਨ ਹੈ ਜੋ 'ਵਾਹਿਗੁਰੂ' 'ਵਾਹਿਗੁਰੂ' ਕਰਦੀ ਹੈ। ਪਰ ਕੀਰਤਨ ਸ੍ਰਵਨ ਕਰਨ ਵਾਲਿਆਂ ਦਾ ਧਿਆਨ ਰੱਖ ਕੇ ਕੀਰਤਨ ਕਰਨਾ ਚਾਹੀਦਾ ਹੈ। ਕੋਈ ਗੁਰੂ ਪਿਆਰਾ ਗੁਰ-ਸ਼ਬਦ ਨਾਲ ਸੁਰਤ ਜੋੜੀ ਬੈਠਾ ਹੁੰਦਾ ਹੈ, ਉਹ ਤਾਂ ਇਕ ਛਿਨ ਲਈ ਭੀ ਇਸ ਤੋਂ ਟੁਟਣਾ ਨਹੀਂ ਚਾਹੁੰਦਾ।

ਦਾਸ ਨੇ ਇਕ ਵਾਰੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਇਸ ਕਿਸਮ ਦੀ ਤੜਪ ਨੂੰ ਉਦੋਂ ਮਹਿਸੂਸ ਕੀਤਾ ਜਦੋਂ ਇਕ ਸਿੰਘ ਵਾਜੇ ਤੋਂ ਕੀਰਤਨ ਕਰ ਕੇ ਉਠਿਆ ਤੇ ਦੂਜਾ ਬੈਠਾ, ਅਤੇ ਉਸ ਨੂੰ ਸ਼ਬਦ ਸ਼ੁਰੂ ਕਰਨ ਵਿਚ ਵਾਜੇ ਦੀਆਂ ਸੁਰਾਂ ਮੇਲਣ ਵਿਚ ਜੋ ਚਸਾ-ਬਿੰਦ ਦਾ ਸਮਾਂ ਲਗਾ, ਪਿਛੇ ਬੈਠੇ ਭਾਈ ਸਾਹਿਬ ਝੱਟ ਬੋਲ ਉਠੇ ''ਸ਼ਬਦ ਸ਼ੁਰੂ ਕਰ, ਖਾਲ ਸੁਕਦੇ।'' 'ਖਾਲ ਸੁਕਦੇ' ਇਕ ਕ੍ਰਿਸ਼ੀ ਖੇਤਰ ਦਾ-ਮੁਹਾਵਰਾ ਹੈ। ਖੇਤਾਂ ਨੂੰ ਪਾਣੀ ਦੇਣ ਵਾਲੇ ਜਿਮੀਂਦਾਰ ਖਾਲ ਸੁਕਣ ਦਾ ਮੁਹਾਵਰਾ ਚੰਗੀ ਤਰ੍ਹਾਂ ਸਮਝਦੇ ਹਨ। ਕੀਰਤਨ ਦੇ ਵਗਦੇ ਪ੍ਰਵਾਹ ਨੂੰ ਰੋਕਣ ਨਾਲ ਵੀਰ ਸੁਰਿੰਦਰ ਸਿੰਘ ਵਰਗੇ ਜਾਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਵਰਗੇ ਕੀਰਤਨ ਦੇ ਆਸ਼ਕਾਂ ਦੇ ਮਨਾਂ ਨੂੰ ਠੇਸ ਲਗ ਸਕਦੀ ਸੀ। ਉਹ ਕਹਿੰਦੇ ਹੁੰਦੇ ਸਨ ਕਿ ਬਹੁਤ ਕਰਕੇ ਕੀਰਤਨੀ ਸਿੰਘ ਗੁਰ-ਚਰਨਾਂ ਨਾਲ ਜੁੜ ਕੇ ਕੀਰਤਨ ਨਹੀਂ ਕਰਦੇ।

ਮੈਂ ਜਦੋਂ 1978 ਵਿਚ ਪਟਿਆਲਾ ਕਾਲਜ ਵਿਖੇ ਪ੍ਰਿੰਸੀਪਲ ਦੇ ਅਹੁਦੇ ਤੇ ਲੱਗਾ ਤਾਂ ਵੀਰ ਸੁਰਿੰਦਰ ਸਿੰਘ ਜੀ ਮੇਰੇ ਪਾਸ ਆਏ। ਬਚਨ ਬਿਲਾਸ ਦੇ ਦੌਰਾਨ ਉਹਨਾਂ ਇਕ

ਬੜੀ ਅਜੀਬ ਗੱਲ ਆਖੀ, ''ਗੁਰਮਤਿ ਕਦੀ ਵੀ ਪੜ੍ਹਾਈ ਨਹੀਂ ਜਾ ਸਕਦੀ।'' ਮੈਂ ਕਿਹਾ, ''ਵੀਰ ਜੀ ਇਸ ਕਾਲਜ ਦੇ ਖੋਲ੍ਹਣ ਦਾ ਮਨੋਰਥ ਹੀ ਗੁਰਮਤਿ ਪੜ੍ਹਾਉਣਾ ਦਾ ਹੈ ਤੁਸੀਂ ਕਹਿੰਦੇ ਹੋ ਗੁਰਮਤਿ ਪੜ੍ਹਾਈ ਨਹੀਂ ਜਾ ਸਕਦੀ। ਮੇਰੀ ਟਿਪਣੀ ਸੁਣ ਕੇ ਬੋਲੇ, ''ਤੁਹਾਨੂੰ ਮੇਰੀ ਗੱਲ ਸਮਝ ਕਿਉਂ ਨਹੀਂ ਆ ਰਹੀ, ਗੁਰਮਤਿ ਪੜ੍ਹਨ ਪੜ੍ਹਾਉਣ ਦਾ ਵਿਸ਼ਾ ਨਹੀਂ। ਇਹ ਤਾਂ ਸਿੱਖੀ ਸਿਦਕ ਕਮਾਉਣ ਦੀ ਖੇਡ ਹੈ।''

ਖੈਰ ਮੈਂ ਚੁਪ ਹੋ ਗਿਆ। ਮੈਨੂੰ ਵਿਸ਼ਵਾਸ ਸੀ ਕਿ ਵੀਰ ਜੀ ਨੇ ਜੋ ਰਮਜ਼ ਭਰੀ ਗੱਲ ਆਖੀ ਹੈ, ਉਸ ਵਿਚ ਜ਼ਰੂਰ ਸਚਾਈ ਹੈ, ਜਿਸ ਨੂੰ ਮੈਨੂੰ ਲਭਣਾ ਪਵੇਗਾ। ਮੇਰੀ ਚਾਰ ਸਾਲ ਦੀ ਉਥੇ ਨੌਕਰੀ ਦੇ ਦੌਰਾਨ ਮੈਨੂੰ ਅਨੁਭਵ ਹੋ ਗਿਆ ਕਿ ਗੁਰਮਤਿ ਬਾਰੇ ਗਿਆਨ ਪ੍ਰਾਪਤ ਕਰਨਾ ਜਾਂ ਵਿਦਵਾਨ ਬਣਨਾ ਹੋਰ ਚੀਜ਼ ਹੈ, ਪਰ ਗੁਰਮਤਿ ਅਨੁਸਾਰ ਜੀਵਨ ਜਿਉਣਾ ਬਿਲਕੁਲ ਹੋਰ ਖੇਡ ਹੈ। ਗੁਰਮਤਿ ਅਨੁਸਾਰ ਜੀਵਨ ਜੀਉਣ ਵਿਚ ਸਤਿਗੁਰੂ ਜੀ ਆਪੇ (ਬਾਣੀ ਰਾਹੀਂ ਜਾਂ ਅੰਦਰੋਂ ਰੌਸ਼ਨੀ ਦੇ ਕੇ) ਸੇਧ ਬਖਸ਼ਸ਼ ਕਰਦੇ ਹਨ। ਗੁਰਮਤਿ ਜਾਂ ਗੁਰਸਿਖੀ ਦਾ ਸਿਖਣਾ ਇਕ ਅੰਤਰ ਮੁਖੀ ਖੇਡ ਹੈ। ਗੁਰਮਤਿ ਕਾਲਜ ਜਾਂ ਹੋਰ ਕਈ ਪ੍ਰਕਾਰ ਦੇ ਗੁਰਮਤਿ ਦੀ ਪੜ੍ਹਾਈ ਦੇ ਅਦਾਰੇ ਕੇਵਲ ਬਾਹਰ ਮੁਖੀ ਸਾਧਨ ਹਨ। ਸਤਿਗੁਰੂ ਤੋਂ ਬਿਨਾਂ ਗੁਰਮਤਿ ਕੌਣ ਪੜ੍ਹਾ ਸਕਦਾ ਹੈ?

ਵੀਰ ਸੁਰਿੰਦਰ ਸਿੰਘ ਜੀ ਸਹਿਜ ਵਿਚ ਵਿਚਰਦੇ, ਸਹਿਜ ਵਿਚ ਕੀਰਤਨ ਕਰਦੇ। ਸੰਗਾਊ ਜਿਹੇ ਸਨ ਤੇ ਨੁਮਾਇਸ਼ ਤੋਂ ਸਦਾ ਬਚਦੇ ਰਹੇ। ਸਰਦੇ ਪੁਜਦੇ ਪਰਿਵਾਰ ਨਾਲ ਸੰਬੰਧਤ ਹੁੰਦੇ ਹੋਏ ਭੀ ਪਹਿਰਾਵਾ ਅਤਿ ਦਾ ਸਾਦਾ ਧਾਰਨ ਕੀਤਾ ਹੋਇਆ ਸੀ। ਅਸੀਂ ਉਹਨਾਂ ਨੂੰ ਸਦਾ ਖੱਦਰ ਦੇ ਕੁਰਤੇ ਕਛਹਿਰੇ ਵਿਚ ਹੀ ਦੇਖਿਆ ਹੈ। ਕੋਈ ਆਪਣਾ ਘਰ ਨਹੀਂ ਬਣਾਇਆ, ਕੋਈ ਬੈਂਕ ਬੈਲੈਂਸ ਨਹੀਂ ਸੀ। ਅਤਿ ਗਰੀਬ ਹੋ ਕੇ ਇਸ ਗੱਲ ਦਾ ਤਜਰਬਾ ਭੀ ਕੀਤਾ ਕਿ ਕੋਈ ਗਰੀਬ ਨਾਲ ਕਿਸ ਤਰ੍ਹਾਂ ਦਾ ਵਿਹਾਰ ਕਰਦਾ ਹੈ। ਪਰ ਧੰਨ ਗੁਰੂ ਦੇ ਪਿਆਰੇ ਸਿੰਘਾਂ ਨੇ ਭਾਈ ਸੁਰਿੰਦਰ ਸਿੰਘ ਜੀ ਨੂੰ ਅੰਤਮ ਸਮੇਂ ਤਕ ਨਿੱਘ ਅਤੇ ਪਿਆਰ ਦਿਤਾ। 14 ਮਈ 1983 ਨੂੰ ਆਪ ਸੰਸਾਰ ਯਾਤਰਾ ਪੂਰੀ ਕਰ ਕੇ ਗੁਰ ਚਰਨਾਂ ਵਿਚ ਜਾ ਬਿਰਾਜੇ।

ਜਦੋਂ ਸ੍ਰੀ ਅੰਮ੍ਰਿਤਸਰ ਕੁਝ ਚਿਰ ਰਹੇ ਤਾਂ ਉਹਨਾਂ ਨੇ ਉਥੇ ਦੇ ਸਿੰਘਾਂ ਵਿਚ ਆਪ ਨੇ ਕਈ ਵਾਰੀ ਭਵਿਖ ਦੇ ਦ੍ਰਿਸ਼ਾਂ ਬਾਰੇ ਕੁਝ ਗੱਲਾਂ ਸਾਂਝੀਆਂ ਕੀਤੀਆਂ ਜੋ ਹੂ-ਬੂ-ਹੂ ਠੀਕ ਨਿਕਲੀਆਂ। ਉਹ ਕਹਿੰਦੇ ਸਨ ਕਿ ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਵਿਚ ਗਿੱਟੇ-ਗਿੱਟੇ

ਖ਼ੂਨ ਹੋਵੇਗਾ। ਉਹ ਦ੍ਰਿਸ਼ 1984 ਦੇ ਸ੍ਰੀ ਦਰਬਾਰ ਸਾਹਿਬ ਉਤੇ ਹੋਏ ਫੌਜੀ ਹਮਲੇ ਦੌਰਾਨ ਸਭ ਦੇ ਸਾਹਮਣੇ ਆ ਗਿਆ। ਦਾਸ ਨੂੰ 1977 ਵਿਚ ਕਹਿੰਦੇ ਸਨ ''ਭਾਈ ਸਾਹਿਬ ਅਗੋਂ ਸਮਾਂ ਬੜਾ ਭਿਆਨਕ ਆ ਰਿਹਾ ਹੈ। ਮੈਨੂੰ ਪੰਜਾਬ ਦੀਆਂ ਸੜਕਾਂ ਉਤੇ ਫੌਜਾਂ ਹੀ ਫੌਜਾਂ ਫਿਰਦੀਆਂ ਦਿਸਦੀਆਂ ਹਨ।'' ਮੈਂ ਪੁਛਿਆ ਆਪਣੀਆਂ ਫੌਜਾਂ ਕਿ ਰੂਸ ਦੀਆਂ? ਉਹਨਾਂ ਕਹਿਣਾ ''ਇਹ ਨਹੀਂ ਪਤਾ।'' ਇਹ ਉਦੋਂ ਹੀ ਸੱਚ ਹੋਇਆ ਜਦੋਂ 1984 ਨੂੰ ਪਹਿਲੀ ਜੂਨ ਤੋਂ ਸਾਰੇ ਪੰਜਾਬ ਵਿਚ ਕਰਫਿਊ ਲਗ ਗਿਆ ਅਤੇ ਹਰ ਸ਼ਹਿਰ ਕਸਬੇ ਵਿਚ ਪੁਲਿਸ ਅਤੇ ਫੌਜ ਦਾ ਪਹਿਰਾ ਸੀ।

ਆਪ ਜੀ ਦੇ ਪਿਤਾ ਸੂਬੇਦਾਰ ਮੇਜਰ ਭਾਈ ਹਰਿਬਚਨ ਸਿੰਘ ਜੀ ਭੀ ਬੜੀ ਉੱਚੀ ਸੁਰਤ ਵਾਲੀ ਰੂਹ ਸੀ। ਵੀਰ ਸੁਰਿੰਦਰ ਸਿੰਘ ਜੀ ਆਪਣੇ ਪਿਤਾ ਜੀ ਦੇ ਸਿੱਦਕੀ ਜੀਵਨ ਦੀਆਂ ਕਈ ਗਲਾਂ ਸੁਣਾਇਆ ਕਰਦੇ ਸਨ। ਉਹਨਾਂ ਦੇ ਜੀਜਾ ਜੀ ਅਤੇ ਭੈਣ ਜੀ ਪੂਰਨ ਸਿੱਖੀ ਸਿਦਕ ਵਿਚ ਅੱਜ ਕੱਲ੍ਹ ਪਾਉਂਟਾ ਸਾਹਿਬ ਵਿਖੇ ਰਹਿੰਦੇ ਹਨ। ਜੀਜਾ ਜੀ ਅਲਾਹਬਾਦ ਹਾਈਕੋਰਟ ਤੋਂ ਰੀਟਾਇਰ ਹੋਏ ਜੱਜ ਹਨ ਅਤੇ ਬੀਬੀ ਹਰਜੀਤ ਕੌਰ ਜੀ ਆਪ ਦੇ ਭੈਣ ਜੀ ਹਨ।

ਭਾਈ ਬਾਲਾ ਸਿੰਘ ਜੀ ਗੁਰੂ ਕੀ ਵਡਾਲੀ

ਭਾਈ ਬਲਦੇਵ ਸਿੰਘ ਜੀ ਸ੍ਰੀ ਅੰਮ੍ਰਿਤਸਰ

(ਭਾਈ ਬਾਲਾ ਸਿੰਘ ਜੀ ਉੱਚ ਆਤਮਿਕ ਅਵਸਥਾ ਵਿਚ ਪਸਲੀਨ ਜੋਤਿ ਵਿਗਾਸੀ ਗੁਰਮੁਖ ਸਨ। ਆਪ ਜੀ ਦਾ ਜੀਵਨ ਅਲੌਕਿਕ ਘਟਨਾਵਾਂ ਨਾਲ ਭਰਪੂਰ ਹੈ। ਜੇ ਲਿਖਣ ਲੱਗੀਏ ਤਾਂ ਕਾਫੀ ਪੰਨੇ ਤਿਆਰ ਹੋ ਸਕਦੇ ਹਨ ਪਰ ਹੇਠ ਸਿਰਫ਼ ਆਪ ਜੀ ਦੀਆਂ ਡਾ. ਸੁਰਿੰਦਰ ਸਿੰਘ ਜੀ ਨਾਲ ਪ੍ਰੇਮ-ਗੰਢਾਂ ਦਾ ਹਾਲ ਅੰਕਿਤ ਕੀਤਾ ਜਾਂਦਾ ਹੈ। - ਸੰਪਾਦਕ)

ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਰੇਲਵੇ ਮੇਲ ਸਰਵਿਸ ਵਿਚ ਨੌਕਰੀ ਦੌਰਾਨ ਭਾਈ ਬਾਲਾ ਸਿੰਘ ਜੀ ਦੇ ਸਾਥੀ ਵਰਕਰ ਭਾਈ ਮਨਜੀਤ ਸਿੰਘ ਜੀ (ਕਿਰਪਾਨਾ ਵਾਲੇ) ਨੇ ਡਾਕਟਰ ਸੁਰਿੰਦਰ ਸਿੰਘ ਜੀ ਤੇ ਉਨ੍ਹਾਂ ਦੇ ਜੀਵਨ ਬਾਰੇ ਆਪ ਨੂੰ ਦੱਸ ਪਾਈ। ਉਦੋਂ ਤੋਂ ਹੀ ਆਪ ਜੀ ਦੇ ਹਿਰਦੇ ਵਿਚ ਡਾਕਟਰ ਸਾਹਿਬ ਪ੍ਰਤੀ ਅਥਾਹ ਪ੍ਰਮਾਰਥੀ ਪ੍ਰੀਤ ਸੁਲਗਣ ਲੱਗ ਪਈ ਅਤੇ ਅਖੀਰ ਮਿਲਾਪ ਦੇ ਅਉਸਰ ਵੀ ਬਣ ਆਏ।

ਭਾਈ ਮਨਜੀਤ ਸਿੰਘ ਜੀ ਨੇ ਗਿਆਨੀ ਭਗਵਾਨ ਸਿੰਘ ਜੀ ਦੇ ਗ੍ਰਹਿ ਦਾ ਟਿਕਾਣਾ ਦਸਦਿਆਂ ਭਾਈ ਬਾਲਾ ਸਿੰਘ ਜੀ ਨੂੰ ਦੱਸਿਆ ਕਿ ਇਨ੍ਹਾਂ ਦੇ ਸਮਾਗਮ ਵਿਚ ਡਾ. ਸੁਰਿੰਦਰ ਸਿੰਘ ਜੀ ਜਰੂਰ ਪੁੱਜਣਗੇ।

ਭਾਈ ਬਾਲਾ ਸਿੰਘ ਜੀ ਐਤਵਾਰ ਦੇ ਉਸ ਸਮਾਗਮ ਵਿਚ ਅੰਮ੍ਰਿਤ ਵੇਲੇ ਹੀ ਪੁਜ ਗਏ। ਕੀਰਤਨ ਦੀ ਸਮਾਪਤੀ ਪਿਛੋਂ ਡਾਕਟਰ ਸਾਹਿਬ ਆਪਣੀ ਮਸਤੀ ਵਿਚ ਪਿਆਰ-ਖੇਡਾਂ ਰਚਾਂਦੇ, ਬਾਹਰ ਖਲੋਤੇ ਸਿੰਘਾਂ ਦੀ ਦਰੁੱਸਤੀ ਕਰਨ ਲਈ ਕੁਝ ਡਾਂਟ ਕਰ ਰਹੇ ਸਨ ਕਿ ਭਾਈ ਮਨਜੀਤ ਸਿੰਘ ਜੀ, ਭਾਈ ਬਾਲਾ ਸਿੰਘ ਜੀ ਦੇ ਨਾਲ ਉਥੇ ਆ ਪੁਜੇ ਅਤੇ ਦੱਸਿਆ ਕਿ ਇਹ ਹਨ ਉਹ ਗੁਰੂ ਸਵਾਰੇ ਡਾ. ਸੁਰਿੰਦਰ ਸਿੰਘ ਜੀ, ਜਿਨ੍ਹਾਂ ਦੇ ਦਰਸ਼ਨਾਂ ਲਈ ਆਪ ਨੂੰ ਬੇਨਤੀ ਕੀਤੀ ਸੀ। ਡਾਕਟਰ ਜੀ ਪ੍ਰੇਮੀ-ਜੀਊੜਿਆਂ ਦੀ ਖਿਚ ਦਾ ਬੜਾ ਸਤਿਕਾਰ ਕਰਦੇ ਸਨ ਅਤੇ ਮੀਲਾਂ ਦਾ ਪੰਧ ਕਟ ਕੇ ਵੀ ਪ੍ਰੇਮੀ-ਹਿਰਦਿਆਂ ਦੀ ਸਿੱਕ ਪੂਰੀ ਕਰਦੇ ਹੋਏ, ਗੁਰਸਿੱਖੀ ਦੀ ਸਾਂਝ ਪਿਡੀ ਕਰਨ ਲਈ, ਉਨ੍ਹਾਂ ਪਾਸ ਪੁਜਦੇ ਸਨ।

ਪ੍ਰਭ ਮਿਲਬੇ ਕਉ ਪ੍ਰੀਤਿ ਮਨਿ ਲਾਗੀ॥
ਪਾਇ ਲਗਉ ਮੋਹਿ ਕਰਉ ਬੇਨਤੀ ਕੋਊ ਸੰਤੁ ਮਿਲੈ ਬਡਭਾਗੀ॥੧॥ ਰਹਾਉ॥
ਮਨੁ ਅਰਪਉ ਧਨੁ ਰਾਖਉ ਆਗੈ ਮਨ ਕੀ ਮਤਿ ਮੋਹਿ ਸਗਲ ਤਿਆਗੀ॥
ਜੋ ਪ੍ਰਭ ਕੀ ਹਰਿ ਕਥਾ ਸੁਨਾਵੈ ਅਨਦਿਨੁ ਫਿਰਉ ਤਿਸੁ ਪਿਛੈ ਵਿਰਾਗੀ॥੧॥
ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ॥
ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ॥੨॥੨॥੧੧੯॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ - ਅੰਗ ੨੦੪)

ਡਾ. ਸੁਰਿੰਦਰ ਸਿੰਘ ਜੀ ਦਾ ਭਾਈ ਬਾਲਾ ਸਿੰਘ ਜੀ ਨਾਲ ਕੋਈ ਪਰਾ-ਪੂਰਬਲਾ ਸੰਜੋਗ ਸੀ। ਇਸ ਧੁਰ-ਸੰਜੋਗੀ ਸਾਂਝ ਦਾ ਪ੍ਰਗਟਾਵਾ ਭਾਵੇਂ ਦੇਰ ਨਾਲ ਹੋਇਆ, ਪਰ ਇਹ ਐਸੀ ਸਾਂਝ ਬਣੀ ਕਿ ਪਿਆਰ-ਮਿਲਣੀ ਦੀਆਂ ਇਹ ਗੰਢਾਂ ਪੱਕੀਆਂ ਪੀਡੀਆਂ ਪੈ ਗਈਆਂ।

ਭਾਈ ਬਾਲਾ ਸਿੰਘ ਜੀ ਦੇ ਗ੍ਰਹਿ ਸਤਿਗੁਰੂ ਜੀ ਦਾ ਬਖਸ਼ਿਆ ਸਭ ਕੁਝ ਸੀ, ਪਰ ਇਕ ਭੁਜੰਗੀ ਦੀ ਬੜੀ ਜ਼ਰੂਰਤ ਮਹਿਸੂਸ ਹੁੰਦੀ ਸੀ। ਇਸੇ ਥੁੜ ਨੂੰ ਪੂਰਾ ਕਰਨ ਲਈ ਆਪ ਜੀ ਨੇ ਰਿਸ਼ਤੇਦਾਰੀ ਚੋਂ ਇਕ ਬੱਚਾ ਲੈ ਕੇ ਪਾਲਿਆ ਸੀ, ਪਰ ਉਹ ਸੁਖ ਦੇਣ ਦੀ ਥਾਂ ਇਨ੍ਹਾਂ ਨੂੰ ਤੰਗ ਹੀ ਕਰਦਾ ਰਹਿੰਦਾ ਸੀ। ਆਪ ਜੀ ਦੇ ਅੰਮ੍ਰਿਤ ਛਕਣ ਤੋਂ ਬਾਅਦ ਗੁਰਸਿਖੀ ਰਹਿਤ-ਬਹਿਤ ਵਿਚ ਆਉਣ ਨਾਲ ਤਾਂ ਉਹ ਬਹੁਤ ਹੀ ਤੰਗ ਕਰਨ ਲੱਗ ਪਿਆ, ਕਿਉਂਕਿ ਉਸ ਦੀਆਂ ਸਵਾਦ-ਪ੍ਰਤਿਸ਼ਟੀਆਂ ਹੋਰ ਤਰ੍ਹਾਂ ਦੀਆਂ ਸਨ।

ਇਕ ਦਿਨ ਡਾਕਟਰ ਸਾਹਿਬ ਆਏ ਅਤੇ ਬੜੇ ਹੀ ਰੰਗਾਂ ਵਿਚ ਸੱਜ ਗਏ। ਉਹ ਬੜੇ ਖੁਸ਼-ਖੁਸ਼ ਪ੍ਰਤੀਤ ਹੋ ਰਹੇ ਸਨ। ਡਾਕਟਰ ਸਾਹਿਬ, ਬੀਬੀ ਬਲਵੰਤ ਕੌਰ ਜੀ (ਸੁਪਤਨੀ ਭਾਈ ਬਾਲਾ ਸਿੰਘ ਜੀ) ਵਲੋਂ ਕੀਤੀ ਜਾਂਦੀ ਸੇਵਾ ਕਰਕੇ, ਉਨ੍ਹਾਂ ਤੇ ਤਾਂ ਬਹੁਤ ਪ੍ਰਸੰਨ ਸਨ। ਇਸ ਸਮੇਂ ਭਾਈ ਬਾਲਾ ਸਿੰਘ ਜੀ ਨੇ ਬੇਨਤੀ ਕੀਤੀ ਕਿ ਪੰਜਾਂ ਪਿਆਰਿਆਂ ਤੋਂ ਨਾਮ-ਅੰਮ੍ਰਿਤ ਦੀ ਦਾਤ ਤਾਂ ਪ੍ਰਾਪਤ ਹੋ ਗਈ ਹੈ, ਪਰ ਨਾਮ ਦੀ ਚੜ੍ਹਦੀ ਕਲਾ ਲਈ ਜਾਚਨਾ ਹੈ, ਉਸ ਲਈ ਕੋਈ ਬਖਸ਼ਸ਼ ਕਰੋ। ਡਾਕਟਰ ਜੀ ਮੁਸਕਰਾਏ ਤੇ ਕਿਹਾ -

ਰਾਮ ਜਪਉ ਜੀਅ ਐਸੇ ਐਸੇ॥ ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ - ਅੰਗ ੩੩੭)

ਕੁਝ ਦਿਨਾਂ ਬਾਅਦ ਫਿਰ ਭਾਈ ਬਾਲਾ ਸਿੰਘ ਜੀ ਨੇ ਨਾਮ ਦੀ ਚੜ੍ਹਦੀ ਕਲਾ ਦੀ ਬਖਸ਼ਸ਼ ਪ੍ਰਾਪਤ ਕਰਨ ਦੀ ਚਾਹਤ ਪ੍ਰਗਟ ਕੀਤੀ ਤਾਂ ਡਾਕਟਰ ਸਾਹਿਬ ਬੋਲੇ ਭਾਈ, ਨਾਮ ਜਪਣਾ ਬੜਾ ਔਖਾ ਹੈ। ਹਾਂ ਜੇ ਤੁਹਾਨੂੰ ਪੁੱਤਰ ਦੀ ਕੋਈ ਇੱਛਾ ਹੋਵੇ ਤਾਂ ਗੁਰੂ ਘਰ ਵਿਚ ਕਿਸੇ ਗੱਲ ਦੀ ਕਮੀ ਨਹੀਂ। ਘਰ ਵਿਚ ਸਲਾਹ ਕਰ ਲਵੋ।

ਡਾਕਟਰ ਸਾਹਿਬ ਦੇ ਜਾਣ ਪਿਛੋਂ ਵਿਚਾਰਾਂ ਹੁੰਦੀਆਂ ਰਹੀਆਂ। ਅਖੀਰ ਸਿੰਘਣੀ ਕਹਿਣੀ ਲੱਗੀ, ਉਮਰ ਵਡੇਰੀ ਹੋ ਗਈ ਹੈ, ਬੱਚਾ ਪਾਲਦਿਆਂ ਪਾਲਦਿਆਂ ਅੱਗਾ ਨੇੜੇ ਆ ਜਾਣਾ ਹੈ ਤੇ ਜ਼ਿੰਦਗੀ ਨਾਮ ਤੋਂ ਖਾਲੀ ਹੀ ਬੀਤ ਜਾਣੀ ਹੈ। ਸੋ ਨਾਮ ਦੀ ਬਖਸ਼ਿਸ਼ ਪ੍ਰਾਪਤ ਕਰਨੀ ਚਾਹੀਦੀ ਹੈ। ਇਹ ਵਿਚਾਰ ਬਣਾ ਕੇ ਹਟੇ ਹੀ ਸਨ ਕਿ ਡਾਕਟਰ ਸਾਹਿਬ ਆ ਪੁੱਜੇ। ਜਲ ਪਾਣੀ ਛਕਾਉਣ ਤੋਂ ਬਾਅਦ ਫਿਰ ਉਹੋ ਜੋਦੜੀ ਕੀਤੀ ਕਿ ਜੇ ਪ੍ਰਸੰਨ ਹੋਏ ਹੋ ਤਾਂ ਨਾਮ ਦੀ ਚੜ੍ਹਦੀ ਕਲਾ ਦੀ ਹੀ ਬਖਸ਼ਿਸ਼ ਕਰੋ ਜੀ। ਆਪ ਨੇ ਫਿਰ ਕਿਹਾ, ''ਭਾਈ ਨਾਮ ਜਪਣਾ ਬੜਾ ਹੀ ਔਖਾ ਹੈ, ਬੜਾ ਕੁਝ ਛੱਡਣਾ ਪੈਂਦਾ ਹੈ। ਅੱਛਾ ਇਉਂ ਕਰੋ ਕਿ ਪਹਿਲਾਂ ਤੁਸੀਂ ਸੰਸਾਰਿਕ ਧੰਧੇ ਛੱਡੋ।'' ਇਹ ਸੁਣ ਕੇ ਭਾਈ ਬਾਲਾ ਸਿੰਘ ਜੀ ਕਹਿਣ ਲੱਗੇ, ''ਡਾਕਟਰ ਸਾਹਿਬ ਕੰਮ ਧੰਧਾ ਛੱਡ ਕੇ ਭੁੱਖੇ ਮਰ ਜਾਵਾਂਗੇ। ਸਾਡਾ ਤੇ ਗੁਜ਼ਾਰਾ ਹੀ ਤਨਖ਼ਾਹ 'ਤੇ ਹੈ, ਖਾਵਾਂਗੇ ਕਿਥੋਂ? ਡਾਕਟਰ ਜੀ ਨੇ ਕਿਹਾ, ਕੁਝ ਦਿਨ ਹੋਰ ਸੋਚ ਲਉ। ਡਾਕਟਰ ਸਾਹਿਬ ਚਲੇ ਗਏ ਤੇ ਇਹ ਦੋਵੇਂ ਜੀਅ ਦੁਚਿੱਤੀ ਵਿਚ ਫਸ ਗਏ। ਪੈਨਸ਼ਨ ਦਾ ਹਿਸਾਬ ਕਿਤਾਬ ਲਾਇਆ ਤਾਂ ਉਹ ਪੈਸੇ ਥੋੜੇ ਅਤੇ ਖ਼ਰਚਾ ਬਹੁਤਾ। ਕਈ ਦਿਨ ਸੋਚਦੇ ਰਹੇ। ਡਾਕਟਰ ਸਾਹਿਬ ਨੇ ਪ੍ਰੇਮ-ਖਿਚ ਵਿਚ ਫਿਰ ਇਧਰ ਨੂੰ ਆ ਮੋਹਾਰਾਂ ਮੋੜੀਆਂ। ਆ ਕੇ ਪੁਛਿਆ ਕਿ ਸੁਣਾਓ, ਕੀ ਸੋਚਿਆ ਜੇ? ਅਤੇ ਕਹਿਣ ਲੱਗੇ, ''ਭਰੋਸਾ ਕਰੋ, ਪ੍ਰਭੂ ਸਭ ਦੀ ਸਾਰ ਸੰਭਾਲ ਕਰਦਾ ਹੈ, ਤੁਹਾਡੀ ਵੀ ਪ੍ਰਤਿਪਾਲਣਾ ਕਰੇਗਾ।''

ਭਾਈ ਬਾਲਾ ਸਿੰਘ ਜੀ ਆਪਣੇ ਆਪ ਵਿਚ ਕਾਇਮ ਹੋ ਗਏ। ਉਸੇ ਵੇਲੇ ਡਾਕਟਰ ਸਾਹਿਬ ਦੇ ਬੈਠਿਆਂ ਹੀ ਸੰਸਾਰੀ ਧੰਧਾ ਛੱਡਣ ਲਈ ਮਨ ਬਣਾ ਲਿਆ। ਡਾਕਟਰ ਸਾਹਿਬ ਨੇ ਫਿਰ ਪਿਆਰ ਵਿੱਚ ਪ੍ਰਸੰਨ ਹੋ ਕੇ ਕਿਹਾ, ਭਾਈ ਨਾਮ ਜਪਣ ਦੀ ਚੜ੍ਹਦੀ ਕਲਾ ਲਈ ਕੁਝ ਹੋਰ ਵੀ ਦੁਨਿਆਵੀ, ਕੁੜਾਵੀਆਂ ਤੇ ਹਉਮੈ-ਭਰਪੂਰ ਗੱਲਾਂ ਤੋਂ ਦੂਰ ਰਹਿਣਾ ਹੋਵੇਗਾ -

1) ਕਿਸੇ ਵੀ ਦੁਨਿਆਵੀ ਰਿਸ਼ਤੇਦਾਰੀ ਵਿਚ ਨਹੀਂ ਖੁਭਣਾ। ਜਦੋਂ ਤੁਸੀਂ ਕਿਸੇ ਦੇ ਨਹੀਂ ਜਾਉਗੇ, ਕੋਈ ਤੁਹਾਡੇ ਨਹੀਂ ਆਵੇਗਾ ਅਤੇ ਖੁਸ਼ ਰਹੋਗੇ। ਇਹ ਸੰਸਾਰੀ

ਲੋਕ ਕੂੜਾਵੀਆਂ ਵਡਿਆਈਆਂ ਅਧੀਨ ਬਹੁਤ ਕੁਝ ਲੋਚਦੇ ਹਨ ਅਤੇ ਨਾਮ ਤੋਂ ਦੂਰ ਲਿਜਾਂਦੇ ਹਨ। ਇਨ੍ਹਾਂ ਨਾਲ ਵਰਤੋਂ-ਵਿਹਾਰ ਕਰਨ ਲਈ ਮਨ ਦੇ ਫੁਰਨਿਆਂ ਦੀ ਦੌੜ ਹੋਰ ਤਰ੍ਹਾਂ ਦੀ ਹੋ ਜਾਂਦੀ ਹੈ।

2) ਆਪਣਾ ਪਹਿਰਾਵਾ ਗੁਰਮੁਖੀ ਸਾਦਾ ਰੱਖਣਾ। ਖੱਦਰ ਦਾ ਪਹਿਰਾਵਾ ਬਹੁਤ ਠੀਕ ਰਹਿੰਦਾ ਹੈ, ਸਰਦੀਆਂ ਵਿਚ ਗਰਮ ਅਤੇ ਗਰਮੀਆਂ ਵਿਚ ਠੰਢਾ। ਵੈਸੇ ਵੀ ਸਸਤਾ ਹੈ। ਜਿਥੇ ਸਸਤਾ ਹੈ ਉਥੇ ਅਹੰਗਤਾ ਤੋਂ ਦੂਰ ਰੱਖਦਾ ਹੈ। ਪੈਂਟਾਂ-ਬੁਸ਼ਰਟਾਂ ਤੇ ਸੂਟ-ਬੂਟ ਸਭ ਤਰ੍ਹਾਂ ਲਈ ਮਾਰੂ ਹਨ। ਪੈਂਟ-ਬੁਸ਼ਰਟ ਦੇ ਉਪਰ ਦੀ ਸਿਰੀ ਸਾਹਿਬ ਵੀ ਵਿਖਾਵਾ ਹੀ ਲਗਦੀ ਹੈ। ਗੁਰਸਿਖੀ ਦਾ ਨਿਆਰਾਪਣ ਪੰਜ-ਕਕਾਰੀ ਰਹਿਤ ਦੀ ਵਿਲੱਖਣਤਾ ਹੈ ਅਤੇ ਸਾਦੇ ਬਾਣੇ ਤੇ ਹੀ ਪੂਰਨ ਸੁਸ਼ੋਭਿਤ ਹੁੰਦਾ ਹੈ।

3) ਫਿਰ ਡਾਕਟਰ ਸਾਹਿਬ ਨੇ 'ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ' ਤੋਂ ਬਚਣ ਲਈ, ਸ਼ੁਧ ਅੰਨ ਖਾਣ ਦੀਆਂ ਬਰਕਤਾਂ ਬਾਰੇ ਦਸਿਆ। ਰੋਟੀ-ਬੇਟੀ ਦੀ ਸਾਂਝ ਗੁਰਮੁਖ ਅੰਮ੍ਰਿਤਧਾਰੀ ਸਿਖ ਨਾਲ ਹੀ ਰੱਖਣੀ ਬਣਦੀ ਹੈ। ਸ਼ੁਧ ਅੰਨ ਮਿਲਣਾ ਔਖਾ ਹੈ, ਕਿਉਂਕਿ ਆਮ ਕਿਰਤੀਆਂ ਖਾਸ ਕਰ ਵਾਪਾਰੀ ਲੋਕਾਂ ਦਾ ਵਿਹਾਰ ਸ਼ੁਧ ਨਹੀਂ ਹੁੰਦਾ। ਦਸਾਂ ਨਹੁੰਆਂ ਦੀ ਕਮਾਈ ਦਾ ਭੋਜਣ ਛੱਕਣ ਨਾਲ ਭਜਨ ਬੰਦਗੀ ਦਾ ਖੂਬ ਅਨੰਦ ਬਝਦਾ ਹੈ। ਭੋਜਨ ਬੜੇ ਸੰਕੋਚ ਨਾਲ ਛਕਣਾ, ਐਵੇਂ ਹਰ ਜਗ੍ਹਾ ਤੋਂ ਨਹੀਂ ਛਕਣਾ। ਸ਼ੁਧ ਭੋਜਨ ਬਾਰੇ ਡਾਕਟਰ ਸਾਹਿਬ ਨੇ ਕਈ ਕਥਾਵਾਂ ਭਾਈ ਬਾਲਾ ਸਿੰਘ ਜੀ ਨੂੰ ਸੁਣਾਈਆਂ, ਜੋ ਕਿਤੇ ਵਖਰੇ ਤੌਰ 'ਤੇ ਲਿਖੀਆਂ ਜਾ ਸਕਦੀਆਂ ਹਨ। ਉਨ੍ਹਾਂ ਦੱਸਿਆ ਕਿ ਸ਼ੁਧ ਆਹਾਰ ਕਰਨ ਨਾਲ ਹੀ ਮਨੁਖ ਦਾ ਵਿਉਹਾਰ ਵੀ ਸ਼ੁਧ ਹੁੰਦਾ ਹੈ। ਮਿਰਚ-ਮਸਾਲੇ ਤੇ ਖੱਟੇ-ਮਿੱਠੇ ਰਸਾਂ ਤੋਂ ਵੀ ਪ੍ਰਹੇਜ਼ ਹੀ ਕਰਨਾ ਚਾਹੀਦਾ ਹੈ।

4) ਗੁਪਤ ਰਹਿਣਾ, ਆਪਣੇ ਆਪ ਨੂੰ ਗੁਪਤ ਹੀ ਰਖਣਾ। ਨਿਮਰਤਾ ਵਿਚ ਰਹਿਣਾ ਬਹੁਤ ਹੀ ਜ਼ਰੂਰੀ ਹੈ। ਸੰਗਤ ਵਿਚ ਇਵੇਂ ਬੈਠਣਾ ਕਿ ਸੰਗਤ ਰੂਪ ਹੀ ਹੋ ਜਾਣਾ/ਕੋਈ ਵਿਖਾਵਾ ਜਾਂ ਵਖਰਾਪਣ ਨਹੀਂ ਕਰਣਾ ਅਤੇ ਆਪਣੇ ਆਪ ਨੂੰ ਸਭ ਤੋਂ ਨੀਵਾਂ ਜਾਣਨਾ। ਬਹੁਤੀ ਭੱਜ-ਨੱਸ ਦੀ ਲੋੜ ਨਹੀਂ, ਘਰ ਵਿਚ ਹੀ ਅਨੰਦ ਮਗਨ ਰਹਿਣਾ। ਗ੍ਰਿਹਸਤੀ ਜੀਵਨ ਸੁਖੀ ਹੈ ਤਾਂ ਨਾਮ ਦੀ ਚੜ੍ਹਦੀ ਕਲਾ ਹੈ।

ਸਿੰਘਣੀ ਨਾਲ ਕਿਤੇ ਭੁਲ ਕੇ ਵੀ ਝਗੜਾ ਨਹੀਂ ਕਰਨਾ। ਤੁਹਾਡਾ ਸਿੰਘ ਸਿੰਘਣੀ ਦਾ ਆਪਸ ਵਿਚ ਗੁਰਸਿਖਾਂ ਗੁਰਮੁਖਾਂ ਵਾਲਾ ਅਥਾਹ ਪਿਆਰ ਹੋਵੇ ਤਦ ਹੀ ਭਲਾ ਹੈ।

ਭਾਈ ਬਾਲਾ ਸਿੰਘ ਜੀ ਦੱਸਦੇ ਸਨ ਕਿ ਡਾਕਟਰ ਸਾਹਿਬ ਨੇ ਹੋਰ ਬੇਅੰਤ ਗੁਰਸਿਖੀ ਜੀਵਨ ਵਿਚ ਰੰਗਣ ਵਾਲੀਆਂ ਰੱਬ ਦੇ ਘਰ ਦੀਆਂ ਬਾਤਾਂ ਦੱਸੀਆਂ। ਗੁਰਮਤਿ ਦੇ ਇਸ ਮਾਰਗ ਤੇ ਤੁਰ ਕੇ ਭਾਈ ਬਾਲਾ ਸਿੰਘ ਜੀ ਨੇ ਖੂਬ ਸੱਚੇ-ਸੁੱਚੇ ਲਾਹੇ ਪ੍ਰਾਪਤ ਕੀਤੇ।

ਭਾਈ ਬਾਲਾ ਸਿੰਘ ਜੀ ਦੱਸਦੇ ਸਨ ਕਿ ਇਥੇ ਟਿਕਿਆਂ ਹੀ ਇਕੇਰਾਂ, ਆਪ ਡਾਕਟਰ ਸਾਹਿਬ ਨਾਲ ਪਾਉਂਟਾ ਸਾਹਿਬ ਦਰਸ਼ਨਾਂ ਨੂੰ ਗਏ। ਉਥੇ ਇਕ ਰੁਖ ਦੀ ਘਣੀ ਛਾਂ ਹੇਠ ਬੈਠੇ ਹੋਏ ਸਾਂ ਕਿ ਇਕ ਬਜ਼ੁਰਗ ਮਾਤਾ ਆਈ ਅਤੇ ਇਕ ਅਸਾਧ ਰੋਗ ਦੇ ਇਲਾਜ ਲਈ ਬੇਨਤੀ ਕੀਤੀ। ਡਾਕਟਰ ਸਾਹਿਬ ਨੇ ਕੁਝ ਦਵਾਈਆਂ ਦੱਸੀਆਂ ਕਿ ਇਨ੍ਹਾਂ ਦੇ ਵਰਤਣ ਨਾਲ ਠੀਕ ਹੋ ਜਾਉਗੇ। ਬਜ਼ੁਰਗ ਮਾਤਾ ਕਹਿਣ ਲੱਗੀ, ਪੁੱਤਰ, ਮੇਰੇ ਪਾਸ ਤਾਂ ਦਵਾਈਆਂ ਲਈ ਪੈਸੇ ਨਹੀਂ ਹਨ। ਮਾਇਆ ਡਾਕਟਰ ਸਾਹਿਬ ਪਾਸ ਵੀ ਨਹੀਂ ਸੀ, ਪਰ ਮਾਤਾ ਦਾ ਦੁੱਖ ਨਵਿਰਤ ਕਰਨਾ ਵੀ ਜ਼ਰੂਰੀ ਸਮਝਿਆ। ਮੋਹਰ ਵਿਚ ਤੱਕੇ ਅਤੇ ਰੁਖ ਦੇ ਕੁਝ ਸੁੱਕੇ ਪੱਤਰੇ ਇਕੱਠੇ ਕੀਤੇ ਤੇ ਆਖਿਆ, ''ਮਾਤਾ, ਇਨ੍ਹਾਂ ਪੱਤਿਆਂ ਨੂੰ ਕੁਝ ਕੇ ਪਾਣੀ ਨਾਲ ਛਕ ਲਓ, ਸਤਿਗੁਰੂ ਮੇਹਰ ਕਰਨਗੇ।'' ਦੂਜੇ ਤੀਜੇ ਦਿਨ ਮਾਤਾ ਭਾਈ ਬਾਲਾ ਸਿੰਘ ਜੀ ਨੂੰ ਮਿਲੀ ਅਤੇ ਕਹਿਣ ਲੱਗੀ, ''ਮੈਂ ਹੁਣ ਬਿਲਕੁਲ ਠੀਕ ਹਾਂ।''

ਡਾਕਟਰ ਸਾਹਿਬ ਜੀ ਨੇ ਆਉਣ ਵਾਲੇ ਭਵਿੱਖ ਬਾਰੇ ਸੋਚ ਕੇ ਆਪਣੇ ਕੁਝ ਨਿਕਟਵਰਤੀ ਸਿੰਘਾਂ ਨੂੰ ਸ੍ਰੀ ਪਾਉਂਟਾ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਅਤੇ ਗੁਰੂ ਕੀ ਵਡਾਲੀ ਨਗਰਾਂ ਵਿਚ ਰਿਹਾਇਸ਼ ਰੱਖਣ ਲਈ ਪ੍ਰੇਰਨਾ ਕੀਤੀ, ਜਿਸ ਅਧੀਨ ਆਪ ਜੀ ਦੇ ਪਰਮ ਪਿਆਰੇ ਮਿੱਤਰ ਭਾਈ ਬਾਲਾ ਸਿੰਘ ਜੀ ਨੇ ਵੀ ਆਪਣੀ ਗੁਜ਼ਾਰੇ ਜੋਗੀ ਰਹਾਇਸ਼ ਗੁਰੂ ਕੀ ਵਡਾਲੀ ਵਿਖੇ ਉਸਾਰ ਲਈ। ਅਖੀਰਲੇ ਸਮੇਂ ਵਿਚ ਉਹਨਾਂ ਗੁਪਤ ਤੌਰ 'ਤੇ ਇੱਥੀ ਰਹਿ ਕੇ ਨਾਮ ਦੀਆਂ ਅਤੁੱਟ ਕਮਾਈਆਂ ਕੀਤੀਆਂ ਅਤੇ ਅੰਤ ਆਪ ਜੀ ਮਿਤੀ 24 ਨਵੰਬਰ 2012 ਨੂੰ ਨਾਮ ਦੇ ਖੰਡੇ ਖੜਕਾਉਂਦੇ ਹੋਏ ਗੁਰਪੁਰੀ ਪਿਆਨਾ ਕਰ ਗਏ।

ਆਪ ਦੇ ਚੜ੍ਹਾਈ ਕਰਣ ਤੋਂ 7 ਕੁ ਸਾਲ ਬਾਅਦ ਆਪ ਦੇ ਸੁਪਤਨੀ ਬੀਬੀ ਬਲਵੰਤ ਕੌਰ ਜੀ ਵੀ 25 ਮਾਰਚ 2020 ਨੂੰ ਗੁਰਪੁਰੀ ਜਾ ਬਿਰਾਜੇ।

ਅੰਤਿਕਾ ਨੰਬਰ : ੧

ਜਿਨ੍ਹਾਂ ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ।।

ਖੱਬੇ ਤੋਂ ਕੁਰਸੀਆਂ : ਮਸਤ ਜੀ, ਸੂਬੇਦਾਰ ਹਰਬਚਨ ਸਿੰਘ ਜੀ (ਡਾ. ਸੁਰਿੰਦਰ ਸਿੰਘ ਜੀ ਦੇ ਪਿਤਾ ਜੀ), ਬਾਊ ਮਲ ਸਿੰਘ ਜੀ, ਭਾ. ਸਾ. ਭਾ. ਰਣਧੀਰ ਸਿੰਘ ਜੀ, ਡਾ. ਪਰਗਟ ਸਿੰਘ ਜੀ, ਗਿ. ਹਰਬੰਸ ਸਿੰਘ ਜੀ ਬੰਬੇ, ਭਗਤ ਰਾਮ ਸਿੰਘ ਜੀ

ਅੱਗੇ ਬੈਠੇ : 1-2 ਅਣਪਛਾਣਤਾ, ਬਾਬਾ ਨਰਾਇਣ ਸਿੰਘ ਜੀ ਕਿਲ੍ਹਾ ਰਾਇਪੁਰ, ਭਾ. ਨਾਹਰ ਸਿੰਘ ਜੀ ਮੁੰਡੀਆਂ, ਭਾ. ਪਰੁਦਮਨ ਸਿੰਘ ਜੀ (ਸਪੁੱਤਰ ਮਾਤਾ ਕੁੰਜੀ ਜੀ), ਅਣਪਛਾਣਤਾ

ਪਿੱਛੇ ਖੜੇ : 1-3 ਅਣਪਛਾਣਤੇ, ਭਾ. ਗੁਰਬਖਸ਼ ਸਿੰਘ ਸੁਥਰੀਸ਼ਰ ਜੀ ਜਮਾਲਪੁਰ, ਕਰਨਲ ਪਿਆਰਾ ਸਿੰਘ ਜੀ, ਭਾ. ਜਸਬੀਰ ਸਿੰਘ ਜੀ (ਪੋਤਰਾ ਬਾਬਾ ਬੂਟਾ ਸਿੰਘ ਜੀ ਰਾਵਲਪਿੰਡੀ, ਮਾ. ਜੋਗਿੰਦਰ ਸਿੰਘ ਜੀ ਬੜੂੰਦੀ, 9-10 ਅਣਪਛਾਣਤਾ

ਅੰਤਿਕਾ ਨੰਬਰ : ੨

ਜਨ ਨਾਨਕ ਕਉ ਹਰਿ ਮੇਲਿ ਜਨ ਤਿਨ ਵੇਖਿ ਵੇਖਿ ਹਮ ਜੀਵਾਹਿ।।

ਡਾ. ਸੁਰਿੰਦਰ ਸਿੰਘ ਜੀ

ਅੰਤਿਕਾ ਨੰਬਰ : ੩

ਓਨਾ ਕੇ ਮੁਖ ਸਦ ਉਜਲੇ ਓਨਾ ਨੋ ਸਭੁ ਜਗਤੁ ਕਰੇ ਨਮਸਕਾਰੁ।।

ਡਾ. ਸੁਰਿੰਦਰ ਸਿੰਘ ਜੀ ਅਤੇ ਡਾ. ਸੁਰਜੀਤ ਸਿੰਘ ਜੀ ਸਰਸਪੁਰ

ਅੰਤਿਕਾ ਨੰਬਰ : ੪

ਜੋ ਗੁਰ ਦੀਸੈ ਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ।।

ਡਾ. ਸੁਰਿੰਦਰ ਸਿੰਘ ਜੀ ਆਪਣੇ ਮਨ ਮੇਲੀਆਂ ਨਾਲ

ਖੱਬੇ ਤੋਂ : ਭਾਈ ਸੁਰਜੀਤ ਸਿੰਘ ਜੀ ਟਰੱਕਾ ਵਾਲੇ (ਪਟਿਆਲਾ), ਭਾਈ ਸ਼ਾਮ ਸਿੰਘ ਜੀ, ਡਾ. ਸੁਰਿੰਦਰ ਸਿੰਘ ਜੀ ਅਤੇ ਭਾਈ ਮਨੋਹਰ ਸਿੰਘ ਜੀ (ਪਟਿਆਲਾ)

ਅੰਤਿਕਾ ਨੰਬਰ : ੫

ਤਿਨਾ ਪਿਛੈ ਛੁਟੀਐ ਜਿਨ ਅੰਦਰਿ ਨਾਮੁ ਨਿਧਾਨੁ।

ਡਾ. ਸੁਰਿੰਦਰ ਸਿੰਘ ਜੀ ਅਤੇ ਭਾਈ ਅਮਰਜੀਤ ਸਿੰਘ ਜੀ ਨਿਹੰਗ (੧)

ਅੰਤਿਕਾ ਨੰਬਰ : ੬

ਬੇਪਰਵਾਹ ਸਦਾ ਰੰਗਿ ਹਰਿ ਕੈ ਜਾ ਕੋ ਪਾਖੁ ਸੁਆਮੀ।।

ਡਾ. ਸੁਰਿੰਦਰ ਸਿੰਘ ਜੀ ਅਤੇ ਭਾਈ ਅਮਰਜੀਤ ਸਿੰਘ ਜੀ ਨਿਹੰਗ (੨)

ਅੰਤਿਕਾ ਨੰਬਰ : ੭



ਡਾ. ਸੁਰਿੰਦਰ ਸਿੰਘ ਜੀ ਦੀ ਹੱਥ ਲਿਖਤ ਦਾ ਨਮੂਨਾ

ਅੰਤਿਕਾ ਨੰਬਰ : ੮



ੴ ਵਾਹਿਗੁਰੂ ਜੀ ਕੀ ਫਤਹ

ਸਿਰਦਾਰ ਭਾਈ ਸੁਖਬੀਰ ਸਿੰਘ ਜੀ ਵਾਹਿਗੁਰੂ ਜੀ ਕਾ
ਖਾਲਸਾ ਵਾਹਿਗੁਰੂ ਜੀ ਕੀ ਫਤਹ ਪ੍ਰਵਾਨ ਹੋਵੇ ਜੀ ॥
ਆਪ ਜੀ ਦਾ ਸੁਖ ਸੁਖੀ ਸਤਿਗੁਰੂ ਜੀ ਤੇ ਮੰਗਦਾ
ਹਾਂ ਜੀ ॥ ਉਤਰ ਲਿਖਣ ਵਿਚ ਦੇਰ ਹੋਈ ਹੈ
ਬਖਸ਼ ਦੇਣਾ ਜੀ ॥

Shakur Bank:
July 12th 1980

ਡਾ. ਸੁਰਿੰਦਰ ਸਿੰਘ ਜੀ ਵਲੋਂ ਭਾਈ ਸੁਖਬੀਰ ਸਿੰਘ ਜੀ ਨੂੰ ਲਿਖੀ ਚਿੱਠੀ ਦੀ ਨਕਲ

ਜ਼ਮਾਨੇ ਢਲ ਜਾਣਗੇ, ਜਵਾਨੀਆਂ ਢਲ ਜਾਣਗੀਆਂ, ਪਰ ਪਿਆਰਿਆਂ ਦੀਆਂ ਪ੍ਰੇਮ ਯਾਦਾਂ ਕਦੇ ਨਹੀਂ ਢਲਣਗੀਆਂ। ਸਦਾ ਹਿਰਦੇ ਤੇ ਉਕਰੀਆਂ ਰਹਿਣਗੀਆਂ। ਬਿਰਹੋਂ ਵਿਛੋੜੇ ਦੀਆਂ ਸੱਟਾਂ ਦੇ ਸੱਲ ਤਾਜ਼ਾ ਰਹਿਣਗੇ। ਸੋਹਣੇ ਤੁਰ ਗਏ, ਜੋ ਸੋਹਣੇ ਆਤਮ ਰੰਗਾਂ ਵਿਚ ਠਾਠਾਂ ਮਾਰਦੇ ਹੀ ਗਏ ਅਤੇ ਜਿਨ੍ਹਾਂ ਨੂੰ ਮਾਇਆ ਮਮਤਾ ਦੀ ਲਬੇੜ ਵਿਚ ਬਹੁਤ ਖਚਤ ਹੋਣ ਦੀ ਅਵਧੀ ਨਹੀਂ ਆਈ ਉਹ ਤਾਂ ਸਾਰਿਆਂ ਤੋਂ ਚੰਗੇ ਚਲ ਬਸੇ।

- ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ